FARM AND SPICE

Open 7 Days a Week
8.30 am to 9.00 pm

# SPECIAL OFFERS : 09 - 15 Sep

Daily Specials on

ਟਮਾਟਰ
**Tomato**
99¢ /lb

ਸੈਲਰੀ
**Celery**
$1.29 each

ਕਲਰਡ ਪੈਪਰ
**Colored Pepper**
99¢ /lb

ਸੰਨਰਾਈਜ਼ ਸੇਬ
**Sunrise Apple**
$1.49 /lb

ਗਾਲਾ ਸੇਬ
**Gala apple**
$1.49 /lb

ਕੇਲ
**Kale**
$1.29 each

ਬਦਾਮ
**Almonds**
Premium Quality
$4.99 /lb

ਹੀਰ ਵੇਸਣ
**Shan Pickles**
Mango/Chilli/Mixed Pickle
Lemon/Hyderabidi Mix
1kg
$3.99 each

ਮੋਠ ਬਲਕ
**Moth Bulk**
$1.49 /lb

ਮਖਾਣਾ
**Crispeez**
flavoured makhana
assorted
70g
$4.79 each

ਹੈਲੋ ਜੀ ਰੱਸ
**Hello ji**
Saunf Elaichi & Milk Rusk
600g
$3.99 each

## A+PLUS PRODUCTS FROM PUNJAB HAS ARRIVED

ਖਜੂਰ
**Pitted Dates**
850g
$5.99 each

ਸੌਰਭੀ ਐਸਾਰਟਿਡ ਆਟਾ
**Saurbhi/ Flour**
Makki Atta/Besan
4lb
$3.99 each

ਏ+ਪਲਸ ਆਟਾ
**A+Plus**
Chakki Atta
10kg
$12.99 each

ਬਾਸਮਤੀ ਚਾਵਲ
**India at Home**
Basmati Rice
8lb
$7.99 each

ਹੀਰ ਕਣਕ ਆਟਾ
**Heer**
Chakki Atta
20lb
$11.99 each

ਹੀਰ ਚਪਾਤੀ ਆਟਾ
**Heer**
Whole Grain Atta
20lb
$11.99 each

PUNJABI FLAVOURED KULFI ALSO AVAILABLE

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

*while supply last

Curbside pick up available

MB BRAR & Co.
Accounting & Business Professionals

**INCOME TAX ਇਨਕਮ ਟੈਕਸ**

Nil Income Still Eligible For Refunds. E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਊਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

**Mandeep Brar: 778-908-3317**
mandeep@brarco.ca




**Continental Immigration Solutions**
"Helping Make Canada Home"

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜ਼ਾ
- ਪਰਮਾਨੈਂਟ ਰੇਜੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

**Sukhvir Chand**
RCIC, BBA
sukh@cisonline.ca

**778-549-6851**

CAPIC ACCP
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

# DREAM BANQUET HALL




7236 -120St, Surrey, BC Email:info@dreambanquethall.ca

# ਕੈਨੇਡਾ ਵਿਚ ਚਾਕੂ ਮਾਰ ਕੇ 10 ਦੀ ਹੱਤਿਆ, 15 ਜ਼ਖ਼ਮੀ

ਰੈਜਿਨਾ (ਕੈਨੇਡਾ), ਰੈਜਿਨਾ ਅਤੇ ਸਸਕੈਚਵਨ ਵਿੱਚ ਇਕ ਹੋਰ ਕਸਬੇ ’ਚ ਮੁਕਾਮੀ ਭਾਈਚਾਰੇ ਦੇ ਲੋਕਾਂ ’ਤੇ ਚਾਕੂ ਨਾਲ ਹਮਲੇ ਦੀਆਂ ਲੜੀਵਾਰ ਘਟਨਾਵਾਂ ਵਿੱਚ 10 ਵਿਅਕਤੀਆਂ ਦੀ ਮੌਤ ਜਦੋਂਕਿ 15 ਜਣੇ ਜ਼ਖ਼ਮੀ ਹੋ ਗਏ। ਕੈਨੇਡੀਅਨ ਪੁਲੀਸ ਨੇ ਹਮਲਾ ਕਰਨ ਵਾਲੇ ਦੋ ਮਸ਼ਕੂਕਾਂ ਦੀ ਭਾਲ ਵਿੱਢ ਦਿੱਤੀ ਹੈ। ਇਨ੍ਹਾਂ ਦੀ ਪੈੜ ਨੱਪਣ ਲਈ ਤਲਾਸ਼ੀ ਮੁਹਿੰਮ ਦਾ ਘੇਰਾ ਵਧਾਉਂਦਿਆਂ ਨੇੜਲੇ ਰਾਜਾਂ ਵਿੱਚ ਵੀ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।ਮਸ਼ਕੂਕਾਂ ਦੀ ਪਛਾਣ ਡੈਮੀਅਨ ਸੈਂਡਰਸਨ (31) ਤੇ ਮਾਇਲਸ ਸੈਂਡਰਸਨ (30) ਵਜੋਂ ਹੋਈ ਹੈ। ਪੁਲੀਸ ਮੁਤਾਬਕ ਚਾਕੂ ਨਾਲ ਹਮਲੇ ਦੀਆਂ ਇਹ ਘਟਨਾਵਾਂ ਜੇਮਸ ਸਮਿਥ ਕ੍ਰੀ ਨੇਸ਼ਨ ਤੇ ਸੈਸਕਾਟੂਨ ਦੇ ਉੱਤਰ-ਪੂਰਬ ਵਿੱਚ ਵੈਲਡਨ ਪਿੰਡ ਵਿੱਚ ਵਾਪਰੀਆਂ। ਪੁਲੀਸ ਨੇ ਲੋਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਜ਼ਖ਼ਮੀਆਂ ਨੂੰ ਵੱਖ ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਸਸਕੈਚਵਨ ਪੁਲੀਸ ਵਿੱਚ ਸਹਾਇਕ ਕਮਿਸ਼ਨਰ ਰੌਂਡਾ ਬਲੈਕਮੋਰ ਨੇ ਕਿਹਾ ਕਿ ਮਸ਼ਕੂਕਾਂ ਨੇ ਕੁਝ ਪੀੜਤਾਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਦੋਂਕਿ ਇਕ ਹੋਰ ਘਟਨਾ ਵਿੱਚ ਹਮਲਾਵਰਾਂ ਨੂੰ ਜਿਹੜਾ ਵਿਅਕਤੀ ਮਿਲਿਆ, ਉਸ ’ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ।ਪੁਲੀਸ ਅਧਿਕਾਰੀ ਹਾਲਾਂਕਿ ਇਨ੍ਹਾਂ ਹਮਲਿਆਂ ਪਿਛਲੇ ਅਸਲ ਮੰਤਵ ਬਾਰੇ ਨਹੀਂ ਦੱਸ ਸਕੀ।


ਬਲੈਕਮੋਰ ਨੇ ਕਿਹਾ ਕਿ ਘੱਟੋ-ਘੱਟ 13 ਥਾਵਾਂ ਸਨ, ਜਿੱਥੇ ਹਮਲੇ ਵਿੱਚ ਮਾਰੇ ਗਏ ਲੋਕ ਜਾਂ ਜ਼ਖ਼ਮੀ ਮਿਲੇ ਹਨ। ਕੈਨੇਡਾ ਦੇ ਇਤਿਹਾਸ ਵਿੱਚ ਇਹ ਹੁਣ ਤੱਕ ਦੀਆਂ ਸਭ ਤੋਂ ਘਾਤਕ ਸਮੂਹਿਕ ਹੱਤਿਆਵਾਂ ਹਨ।

ਇਸ ਤੋਂ ਪਹਿਲਾਂ ਸਾਲ 2020 ਵਿੱਚ ਨੋਵਾਸਕੋਸ਼ੀਆ ਸੂਬੇ ਵਿੱਚ ਪੁਲੀਸ ਅਧਿਕਾਰੀ ਦੇ ਭੇਸ ਵਿੱਚ ਆਏ ਵਿਅਕਤੀ ਵੱਲੋਂ ਘਰਾਂ ਵਿੱਚ ਦਾਖ਼ਲ ਹੋ ਕੇ ਕੀਤੀ ਫਾਇਰਿੰਗ ਵਿੱਚ 22 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ।

ਬਲੈਕਮੋਰ ਨੇ ਕਿਹਾ ਕਿ ਪੁਲੀਸ ਨੂੰ ਫਸਟ ਨੇਸ਼ਨ ਭਾਈਚਾਰੇ (ਮੂਲ ਵਾਸੀਆਂ) ’ਤੇ ਚਾਕੂ ਨਾਲ ਹਮਲੇ ਕਰਨ ਦੀ ਸੂਚਨਾ ਸਵੇਰੇ 6 ਵਜੇ ਦੇ ਕਰੀਬ ਮਿਲੀ ਸੀ।




# ਹਰਪ੍ਰੀਤ ਸਿੰਘ ਉਰਫ ਹੈਪੀ ਮਲੇਸ਼ੀਆ ਤੇ ਰੱਖਿਆ 10 ਲੱਖ ਦਾ ਇਨਾਮ



ਲੁਧਿਆਣਾ:ਲੁਧਿਆਣਾ ਕੋਰਟ ਕੰਪਲੈਕਸ ਬੰਬ ਬਲਾਸਟ ਮਾਮਲੇ ਵਿਚ ਲੋੜੀਂਦੇ ਮੁਲਜ਼ਮ ਹਰਪ੍ਰੀਤ ਸਿੰਘ ਉਰਫ ਹੈਪੀ ਮਲੇਸ਼ੀਆ ਨੂੰ ਕੌਮੀ ਜਾਂਚ ਏਜੰਸੀ ਨੇ ਇਨਾਮੀ ਮੁਲਜ਼ਮ ਐਲਾਨ ਦਿੱਤਾ ਹੈ।ਹੈੱਪੀ ਸਬੰਧੀ ਸੂਚਨਾ ਦੇਣ ਵਾਲੇ ਨੂੰ ਐਨਆਈਏ 10 ਲੱਖ ਰੁਪਏ ਦਾ ਇਨਾਮ ਦੇਵੇਗੀ। ਇਸ ਸਬੰਧੀ ਐਨਆਈਏ ਨੇ ਇਕ ਪੋਸਟਰ ਵੀ ਜਾਰੀ ਕੀਤਾ ਹੈ ਜਿਸ ਵਿੱਚ ਇਨਾਮ ਦੇਣ ਦੇ ਨਾਲ-ਨਾਲ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ-ਪਤਾ ਵੀ ਗੁਪਤ ਰੱਖਣ ਬਾਰੇ ਲਿਖਿਆ ਗਿਆ ਹੈ।ਮੁਲਜ਼ਮ ਹੈੱਪੀ ਅੰਮ੍ਰਿਤਸਰ ਦੇ ਅਜਨਾਲਾ ਸਥਿਤ ਪਿੰਡ ਮਿਆਦੀ ਕਲਾਂ ਦਾ ਰਹਿਣ ਵਾਲਾ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਇਨ੍ਹੀਂ ਦਿਨੀਂ ਮਲੇਸ਼ੀਆ ‘ਵਿਚ ਹੈ।ਦੱਸ ਦਈਏ ਕਿ 23 ਦਸੰਬਰ ਦੀ ਰਾਤ 12.25 ‘ਤੇ ਹੋਏ ਬੰਬ ਧਮਾਕੇ ‘ਵਿਚ ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ ਦੀ ਵਰਤੋਂ ਕੀਤੀ ਗਈ ਸੀ। ਇਸ ਧਮਾਕੇ ‘ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਜਦਕਿ 6 ਹੋਰ ਜ਼ਖ਼ਮੀ ਹੋ ਗਏ ਸੀ।ਇਸ ਧਮਾਕੇ ‘ਵਿਚ ਖਾੜਕੂ ਐਂਗਲ ਹੋਣ ਕਾਰਨ ਕੇਂਦਰੀ ਜਾਂਚ ਏਜੰਸੀ ਐਨਆਈਏ ਤੇ ਐਨ ਐਸ ਜੀ ਨੂੰ ਜਾਂਚ ‘ਵਿਚ ਸ਼ਾਮਲ ਕੀਤਾ ਗਿਆ ਸੀ।

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

Sidhu Homeopathic Clinic
Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Malkit Singh Sidhu
D.H.M.S. (Hons.)
drmsidhu2@gmail.com
Dr. Kirandeep Kaur Sidhu
D.H.M.S. (Pb.)
drksidhu70@gmail.com
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

www.accuraterailing.com
AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures
* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars
* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ
For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਸਮੁੱਚੀ ਸਿੱਖ ਕੌਮ ਕ੍ਰਿਕਟਰ ਅਰਸ਼ਦੀਪ ਸਿੰਘ ਨਾਲ ਖੜ੍ਹੀ ਹੈ:ਜਥੇਦਾਰ



ਅੰਮ੍ਰਿਤਸਰ:-ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕ੍ਰਿਕਟ ਖਿਡਾਰੀ ਅਰਸ਼ਦੀਪ ਸਿੰਘ ਦੀ ਹੋ ਰਹੀ ਆਲੋਚਨਾ ਦਾ ਵਿਰੋਧ ਕਰਦਿਆਂ ਕਿਹਾ ਕਿ ਸਮੁੱਚੀ ਸਿੱਖ ਕੌਮ ਉਸ ਦੇ ਨਾਲ ਖੜ੍ਹੀ ਹੈ। ਹਾਲ ਹੀ ਵਿੱਚ ਏਸ਼ੀਆ ਕ੍ਰਿਕਟ ਕੱਪ ਦੌਰਾਨ ਭਾਰਤ ਅਤੇ ਪਾਕਿਸਤਾਨ ਦੌਰਾਨ ਹੋਏ ਮੈਚ ਵਿੱਚ ਉਸ ਦੇ ਹੱਥੋਂ ਪਾਕਿਸਤਾਨੀ ਖਿਡਾਰੀ ਦਾ ਕੈਚ ਛੁੱਟ ਗਿਆ ਸੀ।ਜਿਸ ਤੋਂ ਬਾਅਦ ਸੋਸ਼ਲ ਮੀਡੀਆਂ 'ਤੇ ਉਸਦੀ ਆਲੋਚਨਾ ਸ਼ੁਰੂ ਹੋ ਗਈ ਸੀ ਤੇ ਉਸਦੇ ਵਿਕੀਪੀਡੀਆ ਖਾਤੇ ਵਿਚ ਖਾਲਿਸਤਾਨੀ ਦਰਜ ਕਰ ਦਿੱਤਾ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਅਰਸ਼ਦੀਪ ਸਿੰਘ ਨੂੰ ਕਿਹਾ ਕਿ ਉਹ ਅਜਿਹੀ ਆਲੋਚਨਾ ਵੱਲ ਧਿਆਨ ਨਾ ਦੇਵੇ ਅਤੇ ਸਿਰਫ਼ ਆਪਣੀ ਖੇਡ ਵੱਲ ਧਿਆਨ ਕੇਂਦਰਿਤ ਕਰੇ। ਉਨ੍ਹਾਂ ਕਿਹਾ ਕਿ ਵਿਸ਼ਵ ਵਿੱਚ ਵੱਸਦਾ ਸਮੁੱਚਾ ਸਿੱਖ ਭਾਈਚਾਰਾ ਉਸ ਦੇ ਸਮਰਥਨ ਵਿੱਚ ਉਸਦੇ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਹਾਰ ਅਤੇ ਜਿੱਤ ਖੇਡ ਦਾ ਇੱਕ ਹਿੱਸਾ ਹੈ। ਉਸ ਕੋਲੋਂ ਕੈਚ ਛੁੱਟਣਾ ਵੀ ਖੇਡ ਦਾ ਇਕ ਹਿੱਸਾ ਹੈ ਪਰ ਇਸ ਮਾਮਲੇ ਵਿੱਚ ਉਸ ਨੂੰ ਇਕ ਸਿੱਖ ਨੌਜਵਾਨ ਵਜੋਂ ਨਿਸ਼ਾਨਾ ਬਣਾਉਣਾ ਬਿਮਾਰ ਮਾਨਸਿਕਤਾ ਵਾਲੇ ਲੋਕਾਂ ਦੀ ਨਿਸ਼ਾਨੀ ਹੈ। ਉਨ੍ਹਾਂ ਮੰਗ ਕੀਤੀ ਭਾਰਤ ਸਰਕਾਰ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ ਕਰੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਇਹ ਵਰਤਾਰਾ ਪੂਰੇ ਵਿਸ਼ਵ ਲਈ ਬੇਹੱਦ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਮਾਨਵੀ ਕਦਰਾਂ ਕੀਮਤਾਂ ਨੂੰ ਢਾਹ ਲਾਉਣ ਵਾਲੇ ਇਸ ਨਫ਼ਰਤੀ ਵਰਤਾਰੇ ਵਿਰੁੱਧ ਯੂਐੱਨਓ ਨੂੰ ਦਖ਼ਲ ਦੇਣਾ ਚਾਹੀਦਾ ਹੈ ਅਤੇ ਅਜਿਹੀਆਂ ਮਾਨਵ ਵਿਰੋਧੀ ਸੁਰਾਂ ਖ਼ਿਲਾਫ਼ ਕਰੜੇ ਨਿਯਮ ਤੈਅ ਕਰਨੇ ਚਾਹੀਦੇ ਹਨ।

# 3 ਪੰਜਾਬੀਆਂ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼



ਟੋਰਾਂਟੋ:ਕੈਨੇਡਾ ਵਿੱਚ ਟੋਰਾਂਟੋ ਪੁਲਿਸ ਨੇ ਤਿੰਨ ਪੰਜਾਬੀ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ, ਜਿਨ੍ਹਾਂ 'ਤੇ ਇੱਕ ਮਹਿਲਾ ਦਾ ਕਥਿਤ ਤੌਰ 'ਤੇ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਲੱਗੇ ਹਨ।ਫਿਲਹਾਲ ਪੁਲਿਸ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਮਹਿਲਾ ਦੀ ਸ਼ਿਕਾਇਤ 'ਤੇ ਤਿੰਨ ਸ਼ੱਕੀ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਨੇ।ਟੋਰਾਂਟੋ ਪੁਲਿਸ ਨੇ ਦੱਸਿਆ ਕਿ 31 ਸਾਲ ਦੀ ਇੱਕ ਮਹਿਲਾ ਨੇ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਵਿੱਚ ਉਸ ਨੇ ਦੱਸਿਆ ਕਿ 27 ਅਗਸਤ ਨੂੰ ਉਹ ਬਾਥਰਸਟ ਸਟ੍ਰੀਟ ਅਤੇ ਬਲੂਰ ਸਟਰੀਟ ਵੈਸਟ ਦੇ ਨੇੜੇ ਇੱਕ ਅਦਾਰੇ ਵਿੱਚ ਗਈ ਸੀ, ਜਿੱਥੇ ਉਸ ਨੂੰ ਤਿੰਨ ਨੌਜਵਾਨ ਮਿਲੇ, ਜਿਨ੍ਹਾਂ ਨੂੰ ਉਹ ਪਹਿਲਾਂ ਕਦੇ ਨਹੀਂ ਮਿਲੀ ਸੀ। ਔਰਤ ਦਾ ਦੋਸ਼ ਹੈ ਕਿ ਅਦਾਰੇ ਤੋਂ ਬਾਹਰ ਜਾ ਕੇ ਇਨ੍ਹਾਂ ਨੇ ਕਥਿਤ ਤੌਰ 'ਤੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ। ਟੋਰਾਂਟੋ ਪੁਲਿਸ ਨੇ ਇਸ ਮਾਮਲੇ ਤਿੰਨ ਸ਼ੱਕੀ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ।

# ਸੰਜੈ ਵਰਮਾ ਕੈਨੇਡਾ 'ਚ ਭਾਰਤ ਦੇ ਨਵੇਂ ਹਾਈ ਕਮਿਸ਼ਨਰ ਨਿਯੁਕਤ

ਨਵੀਂ ਦਿੱਲੀ-ਸੀਨੀਅਰ ਡਿਪਲੋਮੈਟ ਸੰਜੈ ਕੁਮਾਰ ਵਰਮਾ ਨੂੰ ਕੈਨੇਡਾ ਵਿਚ ਭਾਰਤ ਦਾ ਅਗਲਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ, ਜਦਕਿ ਅਮਿਤ ਕੁਮਾਰ, ਜੋ ਇਸ ਸਮੇਂ ਅਮਰੀਕਾ ਦੇ ਸ਼ਿਕਾਗੋ ਵਿਚ ਭਾਰਤ ਦੇ ਕੌਂਸਲ ਜਨਰਲ ਵਜੋਂ ਸੇਵਾ ਨਿਭਾਅ ਰਹੇ ਹਨ, ਨੂੰ ਦੱਖਣੀ ਕੋਰੀਆ ਵਿਚ ਅਗਲੇ ਭਾਰਤੀ ਰਾਜਦੂਤ ਵਜੋਂ ਨਿਯੁਕਤ ਕੀਤਾ ਗਿਆ ਹੈ।ਬਿਆਨ ਵਿੱਚ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸ੍ਰੀ ਵਰਮਾ, ਭਾਰਤੀ ਵਿਦੇਸ਼ ਸੇਵਾ ਦੇ 1988 ਬੈਚ ਦੇ ਅਧਿਕਾਰੀ ਹਨ ਅਤੇ ਮੌਜੂਦਾ ਸਮੇਂ ਵਿੱਚ ਜਾਪਾਨ ਵਿੱਚ ਭਾਰਤ ਦੇ ਰਾਜਦੂਤ ਹਨ। ਉਹ ਜਲਦੀ ਨਵਾਂ ਅਹੁਦਾ ਸੰਭਾਲਣਗੇ।

# ਦਿੱਲੀ ਦੇ ਲੈਫਟੀਨੈਂਟ ਗਵਰਨਰ ਤੇ ਨੋਟਬੰਦੀ ਦੌਰਾਨ 1400 ਕਰੋੜ ਦੇ ਘਪਲੇ ਦਾ ਦੋਸ਼

ਨਵੀਂ ਦਿੱਲੀ - ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਸਾਰੇ ਵਿਧਾਇਕ ਦਿੱਲੀ ਵਿਧਾਨ ਸਭਾ ਵਿੱਚ ਧਰਨੇ ਉੱਤੇ ਬੈਠ ਗਏ ਹਨ। ਵਿਧਾਇਕ ਲੈਫਟੀਨੈਂਟ ਗਵਰਨਰ (ਐਲ ਜੀ) ਵਿਨੇ ਕੁਮਾਰ ਸਕਸੈਨਾ ਖ਼ਿਲਾਫ਼ ਜਾਂਚ ਅਤੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਧਰਨੇ ਉੱਤੇ ਬੈਠੇ ਹਨ।ਇਹ ਜਾਣਕਾਰੀ ਆਮ ਆਦਮੀ ਪਾਰਟੀ ਦੇ ਬੁਲਾਰੇ ਅਤੇ ਵਿਧਾਇਕ ਸੌਰਭ ਭਾਰਦਵਾਜ ਨੇ ਦਿੱਤੀ।ਇਸ ਪਾਰਟੀ ਦੇ ਵਿਧਾਇਕਾਂ ਦਾ ਦੋਸ਼ ਹੈ ਕਿ ਨੋਟਬੰਦੀ ਦੌਰਾਨ ਮੌਜੂਦਾ ਲੈਫਟੀਨੈਂਟ ਗਵਰਨਰ ਵੱਲੋਂ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਦੇ ਚੇਅਰਮੈਨ ਰਹਿੰਦਿਆਂ 1,400 ਕਰੋੜ ਰੁਪਏ ਦਾ ਘਪਲਾ ਕੀਤਾ ਗਿਆ ਸੀ। ਇਸਦੀ ਜਾਂਚ ਹੋਣੀ ਚਾਹੀਦੀ ਹੈ। ਵਿਧਾਇਕ ਸੌਰਵ ਭਾਰਦਵਾਜ ਨੇ ਕਿਹਾ ਕਿ ਤੁਸੀ ਜਾਣਦੇ ਹੋ ਕਿ ਦਿੱਲੀ ਵਿਧਾਨ ਸਭਾ ਭਰੋਸੇ ਦੇ ਵੋਟ ਉੱਤੇ ਚਰਚਾ ਕਰਦੇ ਹੋਏ ਕਈ ਵਾਰ ਮੁਲਤਵੀ ਹੋਈ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਮੰਗ ਹੈ ਕਿ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਵਿੱਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਹੋਵੇ। ਸੌਰਵ ਭਾਰਦਵਾਜ ਨੇ ਕਿਹਾ ਕਿ ਉਹ ਲੋਕ ਖੁਦ ਕਹਿੰਦੇ ਸਨ ਕਿ ਜੇ ਦੋਸ਼ ਲੱਗਣ ਤਾਂ ਜਾਂਚ ਹੋਣੀ ਚਾਹੀਦੀ ਹੈ, ਫਿਰ ਅਸੀਂ ਵੀ ਕਹਿ ਰਹੇ ਹਾਂ ਕਿ ਜੇ ਲੈਫਟੀਨੈਂਟ ਗਵਰਨਰ ਉੱਤੇ ਦੋਸ਼ ਹਨ ਤਾਂ ਉਨ੍ਹਾਂ ਖ਼ਿਲਾਫ਼ ਵੀ ਸੀ ਬੀ ਆਈ, ਈ ਡੀ ਦੀ ਜਾਂਚ ਹੋਣੀ ਚਾਹੀਦੀ ਹੈ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration



New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com



BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654



# 1393 - 20800 - WESTMINSTER HWY, RICHMOND, BC
Jasbir Singh Badh



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਓ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਦਰਬਾਰ ਸਾਹਿਬ ਉਪਰ ਫੌਜੀ ਹਮਲੇ ਬਾਰੇ ਪਸ਼ਚਾਤਾਪ ਕਰੇ ਸਰਕਾਰ
# ਸਾਬਕਾ ਡਿਪਟੀ ਕਮਿਸ਼ਨਰ ਰਮੇਸ਼ ਇੰਦਰ ਸਿੰਘ ਨਾਲ ਵਿਸ਼ੇਸ਼ ਮੁਲਾਕਾਤ

ਕਈ ਵਾਰ ਦੇਸ਼ਾਂ ਅਤੇ ਕੌਮਾਂ ਦੇ ਇਤਿਹਾਸ ਵਿਚ ਇਹੋ ਜਿਹੇ ਵੱਡੇ ਵਰਤਾਰੇ ਵਾਪਰਦੇ ਹਨ ਜੋ ਸਦੀਆਂ ਤੱਕ ਚੇਤਿਆਂ ਵਿਚ ਵਸੇ ਰਹਿੰਦੇ ਹਨ।ਅਜਿਹੇ ਵਰਤਾਰੇ ਹਾਂ-ਪੱਖੀ ਵੀ ਹੋ ਸਕਦੇ ਹਨ ਅਤੇ ਨਾਂਹਪੱਖੀ ਵੀ ਹੋ ਸਕਦੇ ਹਨ ।ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸਿਖ ਘਲੂਘਾਰਾ ਜੂਨ ਚੌਰਾਸੀ ਅੱਜ ਤੱਕ ਪੰਜਾਬੀਆਂ, ਖ਼ਾਸ ਕਰਕੇ ਖਾਲਸਾ ਪੰਥ ਦੇ ਮਨਾਂ ਵਿਚ ਗਹਿਰਾ ਉਤਰਿਆ ਹੋਇਆ ਹੈ।ਭਾਵੇਂ ਇਸ ਘਟਨਾਕ੍ਰਮ ਨੂੰ ਵਾਪਰਿਆਂ 38 ਵਰ੍ਹੇ ਹੋ ਗਏ ਹਨ ਪਰ ਜਦੋਂ ਵੀ ਇਸ ਦੀ ਬਰਸੀ ਆਉਂਦੀ ਹੈ ਤਾਂ ਜ਼ਖ਼ਮ ਮੁੜ ਚਸਕਣ ਲੱਗ ਪੈਂਦੇ ਹਨ।ਸ਼ਾਇਦ ਇਸੇ ਲਈ ਘਲੂਘਾਰਾ ਜੂਨ 84 ਨਾਲ ਸੰਬੰਧਿਤ ਅਨੇਕਾਂ ਪੁਸਤਕਾਂ, ਲੇਖ ਅਤੇ ਕਵਿਤਾਵਾਂ ਲਿਖੀਆਂ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਇਹ ਸਿਲਸਿਲਾ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਕੜੀ ਵਿਚ ਹੀ ਅੰਗਰੇਜ਼ੀ ਜ਼ਬਾਨ ਵਿਚ ਪ੍ਰਕਾਸ਼ਿਤ ਇਕ ਹੋਰ 553 ਪੰਨਿਆਂ ਦੀ ਨਵੀਂ ਪੁਸਤਕ ਟਰਮ ਆਇਲ ਇਨ ਪੰਜਾਬ ਬੀਫੋਰ ਅਐਂਡ ਆਫਟਰ ਬਲਿਊ ਸਟਾਰ ਸਾਹਮਣੇ ਆਈ ਹੈ।ਇਸ ਪੁਸਤਕ ਦੇ ਲੇਖਕ ਪੰਜਾਬ ਦੇ ਸਾਬਕਾ ਸੀਨੀਅਰ ਆਈ. ਐਸ. ਅਧਿਕਾਰੀ ਰਮੇਸ਼ ਇੰਦਰ ਸਿੰਘ ਹਨ, ਜੋ ਘਲੂਘਾਰੇ ਸਮੇਂ ਅੰਮ੍ਰਿਤਸਰ ਵਿਚ ਡਿਪਟੀ ਕਮਿਸ਼ਨਰ ਵਜੋਂ ਤਾਇਨਾਤ ਸਨ।ਪਿਛਲੇ ਦਿਨੀਂ ਉਹਨਾਂ ਨੇ ਇਸ ਘਲੂਘਾਰੇ ਬਾਰੇ ਪੁਸਤਕ ਲਿਖੀ ਸੀ । ਪੇਸ਼ ਹਨ ਉਨ੍ਹਾਂ ਨਾਲ ਉਕਤ ਪੁਸਤਕ ਦੇ ਸੰਦਰਭ ਵਿਚ ਹੋਈ ਮੁਲਾਕਾਤ ਦੇ ਕੁਝ ਅਹਿਮ ਅੰਸ਼ :

**ਸਵਾਲ:- ਤੁਹਾਡੇ ਵਿਚਾਰ ਅਨੁਸਾਰ ਘਲੂਘਾਰਾ ਜੂਨ 84 ਤੱਕ ਹਾਲਾਤ ਕਿਉਂ ਪਹੁੰਚੇ?**


ਜਵਾਬ-ਪੰਜਾਬ ਦੇ ਕੁਝ ਰਾਜਨੀਤਕ, ਧਾਰਮਿਕ ਤੇ ਸਮਾਜਿਕ ਮਸਲੇ ਸਨ, ਜਿਨ੍ਹਾਂ ਨੂੰ ਸਮੇਂ ਸਿਰ ਨਹੀਂ ਸੁਲਝਾਇਆ ਗਿਆ।ਇਸ ਕਾਰਨ ਪੰਜਾਬ ਦੇ ਲੋਕਾਂ ਖ਼ਾਸ ਕਰ ਕੇ ਸਿੱਖ ਪੰਥ ਵਿਚ ਨਰਾਜ਼ਗੀ ਪਾਈ ਜਾ ਰਹੀ ਸੀ।ਅੰਮ੍ਰਿਤਸਰ ਵਿਚ ਵਾਪਰੇ ਨਿਰੰਕਾਰੀ ਕਾਂਡ, ਜਿਸ ਵਿਚ ਅਨੇਕਾਂ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਸੀ, ਨਾਲ ਜਿਸ ਤਰ੍ਹਾਂ ਸਿਆਸੀ ਅਤੇ ਨਿਆਂਇਕ ਪੱਧਰ 'ਤੇ ਨਿਪਟਿਆ ਗਿਆ, ਉਸ ਨਾਲ ਸਿੱਖ ਭਾਈਚਾਰੇ ਵਿਚ ਨਰਾਜ਼ਗੀ ਤੇ ਰੋਸ ਹੋਰ ਵਧਿਆ । ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਕੇਂਦਰ ਵਲੋਂ ਦਰਬਾਰਾ ਸਿੰਘ ਦੀ ਸਰਕਾਰ ਸਮੇਂ ਕੀਤੇ ਗਏ ਇਕ ਹੋਰ ਅਨਿਆਂਕਾਰੀ ਸਮਝੌਤੇ ਨੇ ਸਥਿਤੀ ਨੂੰ ਹੋਰ ਭੜਕਾਇਆ, ਜਿਸ ਕਾਰਨ ਪਹਿਲਾਂ ਕਪੂਰੀ ਵਿਚ ਤੇ ਬਾਅਦ ਵਿਚ ਅੰਮ੍ਰਿਤਸਰ ਹਰਿਮੰਦਰ ਸਾਹਿਬ ਤੋਂ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ।ਧਰਮ ਯੁੱਧ ਮੋਰਚੇ ਦੌਰਾਨ ਕੇਂਦਰ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਿਚਕਾਰ ਅਨੇਕਾਂ ਮੀਟਿੰਗਾਂ ਹੋਈਆਂ। ਪਰ ਮੋਰਚੇ ਦੀਆਂ ਮੰਗਾਂ ਸੰਬੰਧੀ ਸੰਬੰਧਿਤ ਧਿਰਾਂ ਕਿਸੇ ਸਮਝੌਤੇ ਤੱਕ ਪਹੁੰਚਣ ਵਿਚ ਨਾਕਾਮ ਰਹੀਆਂ।ਇਨ੍ਹਾਂ ਸਾਰੀਆਂ ਸਥਿਤੀਆਂ ਨੇ ਘਲੂਘਾਰਾ 84 ਲਈ ਹਾਲਾਤ ਪੈਦਾ ਕੀਤੇ।ਇਸ ਸੰਬੰਧੀ ਮੈਂ ਆਪਣੀ ਉਕਤ ਪੁਸਤਕ ਵਿਚ ਵਿਸਥਾਰਪੂਰਵਕ ਚਰਚਾ ਕੀਤੀ ਹੈ।

**ਸਵਾਲ:ਕੀ ਸਥਿਤੀਆਂ ਨੂੰ ਇਸ ਹੱਦ ਤੱਕ ਪਹੁੰਚਣ ਤੋਂ ਪਹਿਲਾਂ ਕੁਝ ਠੋਸ ਕਦਮ ਉਠਾਏ ਜਾ ਸਕਦੇ ਸਨ?**

ਜਵਾਬ-ਬਿਲਕੁਲ, ਜੇਕਰ ਕੇਂਦਰ ਸਰਕਾਰ, ਸ਼੍ਰੋਮਣੀ ਅਕਾਲੀ ਦਲ ਤੇ ਹੋਰ ਸੰਬੰਧਿਤ ਧਿਰਾਂ ਸੁਹਿਰਦਤਾ ਨਾਲ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਸੰਬੰਧੀ ਕਿਸੇ ਸਹਿਮਤੀ 'ਤੇ ਪਹੁੰਚਣ ਲਈ ਯਤਨ ਕਰਦੀਆਂ ਤਾਂ ਹਾਲਾਤ ਨੂੰ ਅਜਿਹਾ ਮੋੜ ਲੈਣ ਤੋਂ ਰੋਕਿਆ ਜਾ ਸਕਦਾ ਸੀ ।

**ਸਵਾਲ- ਕੀ ਸਾਕਾ ਨੀਲਾ ਤਾਰਾ ਦਾ ਕੋਈ ਬਦਲ ਹੋ ਸਕਦਾ ਸੀ?**

ਜਵਾਬ-ਮੇਰੇ ਵਿਚਾਰ ਅਨੁਸਾਰ ਜੇਕਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਚੋਂ ਕੇਂਦਰ ਸਰਕਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬਾਹਰ ਕੱਢਣਾ ਹੀ ਚਾਹੁੰਦੀ ਸੀ ਤਾਂ ਜਿਸ ਤਰ੍ਹਾਂ ਬਾਅਦ ਵਿਚ ਆਪ੍ਰੇਸ਼ਨ ਬਲੈਕ ਥੰਡਰ ਸਮੇਂ ਨਾਕਾਬੰਦੀ ਕਰਕੇ ਕੁਝ ਲੋਕਾਂ ਨੂੰ ਬਾਹਰ ਨਿਕਲਣ ਲਈ ਮਜਬੂਰ ਕੀਤਾ ਗਿਆ ਸੀ, ਇਸੇ ਤਰ੍ਹਾਂ ਦੇ ਯਤਨ ਫੌਜੀ ਹਮਲੇ ਤੋਂ ਪਹਿਲਾਂ ਵੀ ਕੀਤੇ ਜਾ ਸਕਦੇ ਸਨ । ਅੰਦਰ ਫ਼ੌਜ ਭੇਜ ਕੇ ਇਸ ਮਸਲੇ ਨੂੰ ਹੱਲ ਕਰਨਾ ਕੋਈ ਸਿਆਣਾ ਤੇ ਸੁਚੱਜਾ ਫ਼ੈਸਲਾ ਨਹੀਂ ਸੀ । ਇਸ ਉਦੇਸ਼ ਨੂੰ ਪ੍ਰਾਪਤ ਕਰਨ ਦੇ ਹੋਰ ਵੀ ਕਈ ਰਸਤੇ ਹੋ ਸਕਦੇ ਸਨ ।



**ਸਵਾਲ- ਇਸ ਦੁਖਾਂਤ ਲਈ ਵਧੇਰੇ ਦੋਸ਼ ਤੁਸੀਂ ਕੇਂਦਰ ਸਰਕਾਰ ਅਤੇ ਸੰਬੰਧਿਤ ਅੰਦੋਲਨਕਾਰੀ ਧਿਰਾਂ ਵਿਚੋਂ ਕਿਸ ਨੂੰ ਦਿੰਦੇ ਹੋ?**

ਜਵਾਬ-ਗ਼ਲਤੀਆਂ ਤਾਂ ਸੰਬੰਧਿਤ ਸਾਰੀਆਂ ਧਿਰਾਂ ਨੇ ਕੀਤੀਆਂ ਹਨ । ਪਰ ਮੈਨੂੰ ਵੱਡੀ ਧਿਰ ਕੇਂਦਰ ਸਰਕਾਰ ਵਧੇਰੇ ਜ਼ਿੰਮੇਵਾਰ ਲੱਗਦੀ ਹੈ । ਉਸ ਕੋਲ ਵਧੇਰੇ ਸਾਧਨ ਅਤੇ ਸਮਰੱਥਾ ਸੀ ।ਉਹ ਸਥਿਤੀ ਨੂੰ ਕੋਈ ਸੁਖਾਵਾਂ ਮੋੜ ਦੇਣ ਵਿਚ ਵੀ ਸਫਲ ਹੋ ਸਕਦੀ ਸੀ ।

**ਸਵਾਲ-ਪੰਜਾਬ ਅਤੇ ਦੇਸ਼ ਲਈ ਇਸ ਦੁਖਾਂਤ ਦੇ ਸਬਕ ਕੀ ਹਨ?**

ਜਵਾਬ-ਮੇਰੇ ਵਿਚਾਰ ਅਨੁਸਾਰ ਅਹਿਮ ਕੌਮੀ ਸੂਬਾਈ ਮਸਲਿਆਂ ਨੂੰ 'ਸਟੇਟਸਮੈਨਸ਼ਿਪ' ਦੀ ਭਾਵਨਾ ਨਾਲ ਸਮੇਂ ਸਿਰ ਹੱਲ ਕੀਤਾ ਜਾਣਾ ਚਾਹੀਦਾ ਹੈ । ਜੇਕਰ ਸਿਆਸੀ ਮੁਫ਼ਾਦਾਂ ਜਾਂ ਕੁਝ ਹੋਰ ਕਾਰਨਾਂ ਕਰਕੇ ਅਜਿਹੇ ਮਸਲੇ ਅਣਮਿੱਥੇ ਸਮੇਂ ਲਈ ਲਟਕਾਏ ਜਾਂਦੇ ਹਨ ਜਾਂ ਇਸ ਸੰਬੰਧੀ ਸੌੜੀ ਸੋਚ ਧਾਰਨ ਕੀਤੀ ਜਾਂਦੀ ਹੈ ਤਾਂ ਅਖ਼ੀਰ ਵਿਚ ਵੱਡੇ ਦੁਖਾਂਤ ਹੀ ਵਾਪਰਦੇ ਹਨ । ਇਹ ਹੀ ਇਸ ਦੇਸ਼ ਲਈ ਅਤੇ ਪੰਜਾਬ ਲਈ ਵੱਡਾ ਸਬਕ ਹੈ । ਆਉਣ ਵਾਲੇ ਸਮੇਂ ਵਿਚ ਇਸ ਸਬਕ ਨੂੰ ਸਾਰੀਆਂ ਧਿਰਾਂ ਨੂੰ ਆਪਣੇ ਜ਼ਿਹਨ ਵਿਚ ਰੱਖਣਾ ਚਾਹੀਦਾ ਹੈ ।

**ਸਵਾਲ: ਜੂਨ 84 ਅਤੇ ਉਸ ਤੋਂ ਬਾਅਦ 1984 ਵਿਚ ਹੋਏ ਸਿੱਖ ਕਤਲੇਆਮ ਕਾਰਨ ਅੱਜ ਵੀ ਸਿੱਖਾਂ ਦੇ ਇਕ ਵੱਡੇ ਹਿੱਸੇ ਦੇ ਮਨ ਵਿਚ ਰੋਹ ਤੇ ਰੋਸ ਹੈ । ਇਸ ਦੀ ਭਰਪਾਈ ਕਿਵੇਂ ਹੋ ਸਕਦੀ ਹੈ?**

ਜਵਾਬ-ਇਸ ਸੰਬੰਧੀ ਦੱਖਣੀ ਅਫ਼ਰੀਕਾ ਦੀ ਤਰਜ਼ 'ਤੇ 'ਟਰੁੱਥ ਐਂਡ ਰੀਕੌਂਸੀਲੇਸ਼ਨ ਕਮਿਸ਼ਨ' ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ । ਘਲੂਘਾਰਾ 84 ਤੋਂ ਪਹਿਲਾਂ ਅਤੇ ਬਾਅਦ ਦੇ ਸਾਰੇ ਘਟਨਾਕ੍ਰਮ ਦੀ ਨਿਰਪੱਖ ਪੜਚੋਲ ਕਰਕੇ ਰਿਪੋਰਟ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ ਦੇ ਆਧਾਰ 'ਤੇ ਜਿਨ੍ਹਾਂ ਲੋਕਾਂ ਦਾ ਇਸ ਦੌਰਾਨ ਭਾਰੀ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਕੌਮੀ ਪੱਧਰ 'ਤੇ ਵੀ ਇਸ ਦੁਖਾਂਤ ਲਈ ਪਸਚਾਤਾਪ ਹੋਣਾ ਚਾਹੀਦਾ ਹੈ ਤੇ ਸਪੱਸ਼ਟ ਰੂਪ ਵਿਚ ਮੁਆਫ਼ੀ ਮੰਗੀ ਜਾਣੀ ਚਾਹੀਦੀ ਹੈ।

# ਅਮਰੀਕਾ ਨਾਲ ਭਾਰਤ 'ਮੁਕਤ ਵਪਾਰ ਸਮਝੌਤੇ' ਬਾਰੇ ਗੱਲਬਾਤ ਲਈ ਤਿਆਰ-ਪਿਊਸ਼ ਗੋਇਲ

ਸੈਕਰਾਮੈਂਟੋ -ਕੈਲੀਫੋਰਨੀਆ ਦੇ 6 ਦਿਨਾ ਦੌਰੇ 'ਤੇ ਪੁੱਜੇ ਭਾਰਤ ਦੇ ਵਣਜ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਹੈ ਕਿ ਭਾਰਤ ਤੇ ਅਮਰੀਕਾ ਦੇ ਸਬੰਧ ਬਹੁਤ ਮਜਬੂਤ ਹਨ ਪਰ ਅਮਰੀਕੀ ਪ੍ਰਸ਼ਾਸਨ ਨੀਤੀਗੱਤ ਰਣਨੀਤੀ ਤਹਿਤ ਭਾਰਤ ਨਾਲ ਮੁਕਤ ਵਪਾਰ ਸਮਝੌਤੇ ਦੀ ਇੱਛਾ ਨਹੀਂ ਰਖਦਾ। ਉਨਾਂ ਕਿਹਾ ਕਿ ਜੇਕਰ ਵਾਸ਼ਿੰਗਟਨ ਆਪਣਾ ਮੰਨ ਬਦਲੇ ਤਾਂ ਨਵੀਂ ਦਿੱਲੀ ਇਸ ਸਬੰਧੀ ਗੱਲਬਾਤ ਕਰਨ ਲਈ ਤਿਆਰ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੋਇਲ ਨੇ ਅਮਰੀਕੀ ਕਾਰੋਬਾਰੀਆਂ ਨਾਲ ਸਨਫਰਾਂਸਿਸਕੋ ਵਿਚ ਹੋਈ ਗੱਲਬਾਤ ਦਾ ਜ਼ਿਕਰ ਵੀ ਕੀਤਾ। ਉਨਾਂ ਕਿਹਾ ਹਾਲਾਂ ਕਿ ਅਮਰੀਕਾ ਕਿਸੇ ਵੀ ਦੇਸ਼ ਨਾਲ ਮੁਕਤ ਵਪਾਰ ਸਮਝੌਤਾ ਨਹੀਂ ਚਹੁੰਦਾ ਪਰੰਤੂ ਭਾਰਤ ਨੂੰ ਖੁਸ਼ੀ ਹੋਵੇਗੀ ਜੇਕਰ ਵਸ਼ਿੰਗਟਨ ਇਸ ਸਬੰਧੀ ਆਪਣੇ ਰੁਖ ਵਿਚ ਤਬਦੀਲੀ ਕਰਨ ਲਈ ਤਿਆਰ ਹੋ ਜਾਂਦਾ ਹੈ।ਗੋਇਲ ਨੇ ਐਲਾਨ ਕੀਤਾ ਕਿ ਭਾਰਤ ਮੁਕਤ ਵਪਾਰ ਸਮਝੌਤੇ ਬਾਰੇ ਅਮਰੀਕਾ ਨਾਲ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹੈ।







# ਭਗਵਾ ਨੀਤੀ ਤਹਿਤ ਅਰਸ਼ਦੀਪ ਦੇ ਬਹਾਨੇ ਸਿੱਖਾਂ ਨੂੰ ਬਣਾਇਆ ਜਾ ਰਿਹਾ ਨਿਸ਼ਾਨਾ:ਜਸਵੀਰ ਸਿੰਘ ਗੜ੍ਹੀ

ਚੰਡੀਗੜ੍ਹ:ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕ੍ਰਿਕਟ ਖਿਡਾਰੀ ਅਰਸ਼ਦੀਪ ਸਿੰਘ ਦਾ ਸਮਰਥਨ ਕਰਦੇ ਹੋਏ ਉਸ ਵਿਰੁੱਧ ਸੋਸ਼ਲ ਮੀਡੀਆ ਉਤੇ ਕੂੜ ਪ੍ਰਚਾਰ ਕਰਨ ਵਾਲੇ ਭਗਵਿਆਂ ਨੂੰ ਕਰੜੇ ਹੱਥੀਂ ਲਿਆ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਖੇਡ ਦੇ ਮੈਦਾਨ ਵਿੱਚ ਜਿੱਤ ਤੇ ਹਾਰ ਖਿਡਾਰੀਆਂ ਵੱਲੋਂ ਖੇਡੀ ਗਈ ਚੰਗੀ ਖੇਡ ਦਾ ਨਤੀਜਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਕ ਖਿਡਾਰੀ ਤੋਂ ਕੈਚ ਸੁੱਟਣ ਤੋਂ ਬਾਅਦ ਉਸ ਨੂੰ ਦੇਸ਼ ਵਿਰੋਧੀ, ਅੱਤਵਾਦੀ ਜਾਂ ਖ਼ਾਲਸਤਾਨੀ ਕਹਿਣਾ ਨਾਗਪੁਰ ਦੇ ਇਸ਼ਾਰਿਆਂ ਤੇ ਭਗਵਾ ਨੀਤੀ ਤਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰਐਸਐਸ ਦੀ ਭਗਵਾ ਨੀਤੀ ਦੇ ਤਹਿਤ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਦਿਨੋਂ ਦਿਨ ਘੱਟ ਗਿਣਤੀਆਂ, ਛੋਟੀਆਂ ਜਾਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਭਗਵਾ ਨੀਤੀ ਤਹਿਤ ਇਸਾਈਆਂ ਅਤੇ ਮੁਸਲਮਾਨਾਂ ਨੂੰ



ਨਿਸ਼ਾਨਾ ਬਣਾਉਣ ਤੋਂ ਬਾਅਦ ਹੁਣ ਸਿੱਖਾਂ ਉਤੇ ਨਿਸ਼ਾਨਾ ਸਾਧਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਡ ਦੇ ਮੈਦਾਨ ਵਿੱਚ ਜੇਕਰ ਕਿਸੇ ਘੱਟ ਗਿਣਤੀ ਜਾਂ ਨੀਵੀਂ ਜਾਤ ਦੇ ਖਿਡਾਰੀ ਤੋਂ ਕੈਚ ਸੁੱਟ ਜਾਵੇ ਤਾਂ ਉਸ ਨੂੰ ਦੇਸ਼ ਵਿਰੋਧੀ, ਖਾਲਿਸਤਾਨੀ, ਅੱਤਵਾਦੀ ਜਾਂ ਪਾਕਿਸਤਾਨੀ ਦੱਸਿਆ ਜਾਂਦਾ ਹੈ। ਜੇਕਰ ਬਹੁਗਿਣਤੀ ਨਾਲ ਸਬੰਧ ਖਿਡਾਰੀ ਤੋਂ ਕੈਚ ਸੁੱਟ ਜਾਵੇ ਤਾਂ ਉਸ ਨੂੰ ਖਿਡਾਰੀ ਦੀ ਆਊਟ ਆਫ ਫਾਰਮ ਕਿਹਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਕੁਝ ਮੀਡੀਆ ਅਦਾਰੇ ਵੀ ਭਗਵਾ ਨੀਤੀ ਉਤੇ ਚਲਦੇ ਹੋਏ ਇਸ ਨੂੰ ਬੇਲੋੜਾ ਮੁੱਦਾ ਬਣਾ ਰਹੇ ਹਨ। ਬਹੁਜਨ ਸਮਾਜ ਪਾਰਟੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਖੇਡ ਨੂੰ ਖੇਡ ਦੀ ਭਾਵਨਾ ਨਾਲ ਹੀ ਦੇਖਣਾ ਚਾਹੀਦਾ ਹੈ, ਨਾ ਕਿ ਕਿਸੇ ਨਫਰਤ ਦੀ ਭਾਵਨਾ ਨਾਲ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬਹੁ ਗਿਣਤੀਆਂ ਨਾਲ ਲੜਾਉਣ ਦੀ ਨੀਤੀ ਦਾ ਸਖਤ ਵਿਰੋਧ ਕਰਦੀ ਹੋਈ ਲੋਕਾਂ ਨੂੰ ਆਪਸੀ ਸਾਂਝ ਲਈ ਇਕਜੁੱਟ ਕਰੇਗੀ।

# ਕੇਜਰੀਵਾਲ ਨੇ ਐੱਸ.ਵਾਈ.ਐੱਲ. ਮੁੱਦੇ ਨੂੰ ਲੈ ਕੇ ਦਿੱਤਾ ਵੱਡਾ ਬਿਆਨ

ਹਿਸਾਰ,(ਰਾਮ ਸਿੰਘ ਬਰਾੜ)-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਹਿਸਾਰ 'ਚ ਪ੍ਰੈਸ ਕਾਨਫ਼ਰੰਸ ਕੀਤੀ ਗਈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਮੌਜੂਦ ਸੀ। ਪ੍ਰੈੱਸ ਕਾਨਫ਼ਰੰਸ ਦੌਰਾਨ ਅਰਵਿੰਦਰ ਕੇਜਰੀਵਾਲ ਵਲੋਂ ਵੱਡਾ ਬਿਆਨ ਦਿੱਤਾ ਗਿਆ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਦੀ ਪ੍ਰੈੱਸ ਕਾਨਫ਼ਰੰਸ ਐੱਸ.ਵਾਈ.ਐੱਲ. ਮੁੱਦੇ 'ਤੇ ਬੈਠ ਕੇ ਗੱਲਬਾਤ ਹੋਣੀ ਚਾਹੀਦੀ ਹੈ। ਜੇਕਰ ਮੋਦੀ ਸਰਕਾਰ ਚਾਹੇ ਤਾਂ ਇਹ ਮਸਲਾ ਹੱਲ ਹੋ ਸਕਦਾ ਹੈ ਅਤੇ ਜੇਕਰ ਮੋਦੀ ਜੀ ਕੋਲ ਯੋਜਨਾ ਨਹੀਂ ਹੈ ਤਾਂ ਸਾਡੇ ਤੋਂ ਲੈ ਲੈਣ।ਕੇਜਰੀਵਾਲ ਨੇ ਕਿਹਾ, 'ਸਾਡੇ ਤੋਂ ਬਾਅਦ ਆਜ਼ਾਦ ਹੋਏ ਦੇਸ਼ ਅੱਜ ਅੱਗੇ ਹਨ। ਦੇਸ਼ ਨੂੰ ਜੋੜਨ ਦਾ ਕੰਮ ਕਰਾਂਗੇ। ਦੇਸ਼ ਦੇ ਕੋਨੇ-ਕੋਨੇ 'ਚ ਜਾਵਾਂਗੇ। ਸਾਡਾ ਮਕਸਦ ਲੋਕਾਂ ਨੂੰ ਜੋੜਨਾ ਹੈ।130 ਕਰੋੜ ਦੇਸ਼ ਵਾਸੀ ਹਨ, ਦੇਸ਼ ਨੂੰ ਨੰਬਰ ਵਨ ਬਣਾ ਸਕਦੇ ਹਨ।ਦੇਸ਼ 'ਚ ਚੰਗੀ ਅਤੇ ਸਸਤੀ ਸਿੱਖਿਆ ਦਾ ਇੰਤਜ਼ਾਮ ਕਰਨਾ ਹੈ। 75 ਸਾਲਾਂ 'ਚ ਸਿੱਖਿਆ 'ਤੇ ਕੋਈ ਕੰਮ ਨਹੀਂ ਕੀਤਾ ਗਿਆ।ਉਨ੍ਹਾਂ ਵਲੋਂ ਇਕ ਨੰਬਰ ਵੀ ਜਾਰੀ ਕੀਤਾ ਗਿਆ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨੰਬਰ 'ਤੇ ਮਿਸ ਕਾਲ ਦਿਓ।ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕਿਹਾ ਗਿਆ ਕਿ ਅਰਵਿੰਦ ਕੇਜਰੀਵਾਲ ਦੇਸ਼ ਦਾ ਕ੍ਰਾਂਤੀਕਾਰੀ ਮੁੱਖ ਮੰਤਰੀ ਹੈ।


AujLawZ Tax & Accounting Services
• Reliable • Professional • Confidential
(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਈਸਾਈ-ਸਿੱਖ ਖਿੱਚੋਤਾਣ ਨੂੰ ਵਧਣੋ ਰੋਕਣਾ ਦੋਹਾਂ ਧਰਮਾਂ ਦੇ ਆਗੂਆਂ ਦਾ ਫ਼ਰਜ਼

ਗਿਆਨੀ ਹਰਪ੍ਰੀਤ ਸਿੰਘ ਜੀ ਨੇ ਬਿਆਨ ਜਾਰੀ ਕੀਤਾ ਕਿ ਪੰਜਾਬ ਵਿਚ ਧਰਮ ਪਰਿਵਰਤਨ ਚਲ ਰਿਹਾ ਹੈ ਤੇ ਇਸ ਵਿਰੁਧ ਕਾਨੂੰਨ ਬਣਾਉਣ ਦੀ ਲੋੜ ਹੈ। ਉਨ੍ਹਾਂ ਈਸਾਈ ਪ੍ਰਚਾਰਕਾਂ ਵਲੋਂ ਗ਼ਲਤ ਤਰੀਕੇ ਅਪਨਾ ਕੇ ਸਿੱਖਾਂ ਤੇ ਹਿੰਦੂਆਂ ਨੂੰ ਈਸਾਈ ਬਣਾਉਣ ਦਾ ਇਲਜ਼ਾਮ ਲਗਾਇਆ ਤੇ ਉਨ੍ਹਾਂ ਦੇ ਸ਼ਬਦਾਂ ਦਾ ਅਸਰ ਅਸੀ ਵੇਖ ਹੀ ਰਹੇ ਹਾਂ। ਜਿਹੜੇ ਪੰਜਾਬ ਵਿਚ ਹਰ ਧਰਮ ਨੂੰ ਸੁਰੱਖਿਅਤ ਰੱਖਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੀ ਮਿਸਾਲ ਦੁਨੀਆਂ ਭਰ ਵਿਚ ਦਿਤੀ ਜਾਂਦੀ ਹੈ, ਉਥੇ ਹੀ ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨ ਤੋਂ ਬਾਅਦ ਇਕ ਚਰਚ ਤੇ ਈਸਾ ਦੇ ਬੁੱਤ 'ਤੇ ਹਮਲਾ ਕਰ ਦਿਤਾ ਗਿਆ ਤੇ ਇਕ ਪਾਦਰੀ ਦੀ ਕਾਰ ਨੂੰ ਅੱਗ ਲਗਾ ਦਿਤੀ ਗਈ।

ਇਸ ਸਾਰੀ ਪ੍ਰਕਿਰਿਆ ਨੂੰ ਵੇਖ ਕੇ ਪਹਿਲਾਂ ਤਾਂ ਇਹ ਸਵਾਲ ਉਠਦਾ ਹੈ ਕਿ ਸਿੱਖ ਬਤੌਰ ਘੱਟ ਗਿਣਤੀ ਅਪਣੇ ਵਾਸਤੇ ਕਿਸ ਤਰ੍ਹਾਂ ਵਿਸ਼ੇਸ਼ ਹੱਕਾਂ ਦੀ ਮੰਗ ਕਰ ਸਕਦੇ ਹਨ ਜਦ ਉਹ ਅਪਣੇ ਹੀ ਖੇਤਰ ਵਿਚ ਇਕ ਦੂਜੀ ਧਾਰਮਕ ਘੱਟ ਗਿਣਤੀ ਦੇ ਧਰਮ ਅਸਥਾਨ ਦੀ ਸੁਰੱਖਿਆ ਨੂੰ ਵੀ ਯਕੀਨੀ ਨਹੀਂ ਬਣਾ ਸਕਦੇ? ਈਸਾਈ ਤਾਂ ਦੁਨੀਆਂ ਦੇ ਹਰ ਦੇਸ਼ ਵਿਚ ਹਨ ਤੇ ਸਿੱਖ ਵੀ ਗੁਰਦਵਾਰੇ ਉਸਾਰ ਕੇ ਉਨ੍ਹਾਂ ਦੇਸ਼ਾਂ ਵਿਚ ਰਹਿੰਦੇ ਹਨ। ਕੀ ਕਿਸੇ ਗੁਰਦਵਾਰੇ ਉਤੇ ਈਸਾਈ ਭੀੜ ਨੇ ਹਮਲਾ ਕੀਤਾ? ਕੀ ਹਜ਼ਾਰਾਂ ਅਮਰੀਕੀ ਈਸਾਈ, ਯੋਗੀ ਭਜਨ ਦੇ ਯਤਨਾਂ ਸਦਕਾ, ਸਿੱਖ ਨਹੀਂ ਸਨ ਬਣੇ? ਇਕ ਦੋ ਮਾਮਲਿਆਂ ਵਿਚ ਕਿਸੇ ਸਿਰਫਿਰੇ ਨੇ ਗੋਲੀਆਂ ਚਲਾਈਆਂ ਤਾਂ ਰਾਸ਼ਟਰਪਤੀ ਤਕ ਨੇ ਇਸ ਦੀ ਨਿਖੇਧੀ ਕੀਤੀ ਤੇ ਗੁਰਦਵਾਰੇ ਵਿਚ ਜਾ ਕੇ ਸਿੱਖਾਂ ਨਾਲ ਹਮਦਰਦੀ ਪ੍ਰਗਟ ਕੀਤੀ।

ਅੱਜ ਪੰਜਾਬ ਵਿਚ ਸਾਰੇ ਈਸਾਈ ਸਕੂਲਾਂ ਦੇ ਬੱਚੇ ਘਰ ਬੈਠੇ ਹਨ ਤੇ ਚਰਚਾਂ ਦੇ ਬਾਹਰ ਪੁਲਿਸ ਬੈਠੀ ਹੈ। ਕੀ ਦੂਜਿਆਂ ਅੰਦਰ ਡਰ ਪੈਦਾ ਕਰਨ ਵਾਲੀ ਸੋਚ ਨਾਲ ਬਾਬੇ ਨਾਨਕ ਨੇ ਸਿੱਖ ਫ਼ਲਸਫ਼ੇ ਦੀ ਸ਼ੁਰੂਆਤ ਕੀਤੀ ਸੀ? ਕੀ ਮਿਸਲਾਂ ਦੇ ਰਾਜ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕਦੇ ਕਿਸੇ ਧਰਮ ਨੂੰ ਅਜਿਹੀ ਸ਼ਿਕਾਇਤ ਹੋਈ ਸੀ? ਸਿੱਖ ਇਤਿਹਾਸ ਵਿਚ ਕੁਰਬਾਨੀ ਦੀਆਂ ਅਨੇਕਾਂ ਮਿਸਾਲਾਂ ਹਨ ਜੋ ਅਪਣੇ ਨਿਜੀ ਸਵਾਰਥ ਵਾਸਤੇ ਨਹੀਂ ਬਲਕਿ ਹੋਰ ਧਰਮਾਂ ਦੀ ਧਾਰਮਕ ਆਜ਼ਾਦੀ ਵਾਸਤੇ ਕੁਰਬਾਨੀ ਦੀਆਂ ਗਾਥਾਵਾਂ ਬਿਆਨ ਕਰਦੀਆਂ ਹਨ।

ਪਰ ਕੁੱਝ ਸਿੱਖਾਂ ਨੂੰ ਲਾਲਚ ਦੇ ਕੇ ਜਾਂ ਹੋਰ ਗ਼ਲਤ ਢੰਗਾਂ ਨਾਲ ਈਸਾਈ ਬਣਾ ਲੈਣ ਦੀਆਂ ਖ਼ਬਰਾਂ ਕਾਰਨ ਪੈਦਾ ਹੋਈ ਘਬਰਾਹਟ ਦਰਸਾਉਂਦੀ ਹੈ ਕਿ ਅਸੀ ਖ਼ਰਾਬੀ ਦਾ ਸਹੀ ਹੱਲ ਲੱਭਣ ਵਿਚ ਫਿਰ ਨਾਕਾਮ ਹੋ ਗਏ ਹਾਂ ਕਿਉਂਕਿ ਬਾਬਾ ਨਾਨਕ ਨਾਲ ਜੋੜਨ ਵਾਲੀ ਸਾਡੀ ਡੋਰ ਟੁਟ ਚੁੱਕੀ ਹੈ। ਜੇ ਧਾਰਮਕ ਆਗੂ ਫ਼ਿਕਰਮੰਦ ਹਨ ਕਿ ਕਿਉਂ ਕੁੱਝ ਲੋਕ ਸਿੱਖ ਧਰਮ ਨੂੰ ਛੱਡ ਰਹੇ ਹਨ ਤਾਂ ਜਵਾਬ ਉਨ੍ਹਾਂ ਦੇ ਅਪਣੇ ਗ਼ਰੀਬਾਨ ਵਿਚ ਹੈ। ਅੰਦਰ ਝਾਤੀ ਮਾਰ ਕੇ ਵੇਖਣ। ਜਦ ਬਾਬਾ ਨਾਨਕ ਨੇ ਬਰਾਬਰੀ ਦਿਤੀ, ਭਾਈ ਲਾਲੋ ਦੀ ਕੁਟੀਆ ਨੂੰ ਅਪਣਾ ਘਰ ਤੇ ਚੌਕਾ ਬਣਾਇਆ, ਜਾਤ-ਪਾਤ ਨੂੰ ਮਿਟਾਇਆ, ਗ਼ਰੀਬਾਂ ਤੇ ਦਬੇ ਕੁਚਲਿਆਂ ਦੀ ਮਦਦ ਵਾਸਤੇ ਖੜੇ ਹੋਏ ਤਾਂ ਅੱਜ ਸਾਡੇ ਗੁਰੂ-ਘਰਾਂ ਵਿਚ ਕੀ ਉਹੀ ਹੋ ਰਿਹਾ ਹੈ?

ਗ਼ਰੀਬ-ਅਮੀਰ ਵਿਚ ਅੰਤਰ ਪ੍ਰਸ਼ਾਦ ਦੇ ਚੜ੍ਹਾਵੇ ਤੋਂ ਹੀ ਪ੍ਰਤੱਖ ਹੋ ਆਉਂਦਾ ਹੈ, ਤਾਕਤਵਰ ਵਾਸਤੇ ਵੀਆਈਪੀ ਰਸਤਾ ਹੁੰਦਾ ਹੈ, ਗ਼ਰੀਬ ਵਾਸਤੇ ਡਾਂਗ ਵਾਲੇ ਖੜੇ ਹੁੰਦੇ ਹਨ। ਆਧੁਨਿਕ ਤਰੀਕੇ ਨਾਲ ਸੱਚੇ ਧਰਮ ਦਾ ਪ੍ਰਚਾਰ ਕਰਨ ਦੇ ਚਾਹਵਾਨਾਂ ਦੇ ਰਸਤੇ ਵਿਚ ਇਹ ਵਿਤਕਰੇ ਵੱਡੀ ਰੁਕਾਵਟ ਬਣ ਜਾਂਦੇ ਹਨ। ਜੇ ਧਾਰਮਕ ਆਗੂਆਂ ਨੇ ਸਿਰਫ਼ ਇਕ ਟੀਚਾ ਲੈ ਕੇ ਹੀ ਚਲਣਾ ਹੈ ਕਿ ਅਪਣੇ ਸਿਆਸੀ ਮਾਲਕਾਂ ਦੀ ਸੇਵਾ ਕਿਵੇਂ ਕਰਨੀ ਹੈ ਤਾਂ ਫਿਰ ਗੁਰੂ ਅਤੇ ਗ਼ਰੀਬ ਦੀ ਸੇਵਾ ਤਾਂ ਹੋ ਨਹੀਂ ਸਕੇਗੀ। ਅੱਜ ਸਾਡੇ ਨੌਜੁਆਨਾਂ ਨੂੰ ਸਿੱਖੀ ਦਾ ਸਹੀ ਫ਼ਲਸਫ਼ਾ ਸਾਡੇ ਧਾਰਮਕ ਆਗੂਆਂ ਤੋਂ ਨਹੀਂ ਮਿਲ ਰਿਹਾ। ਪੰਥਕ ਪਾਰਟੀ ਦੇ ਆਗੂ ਨਸ਼ੇ, ਭ੍ਰਿਸ਼ਟਾਚਾਰ, ਲਾਲਚ ਦੇ ਇਲਜ਼ਾਮਾਂ ਵਿਚ ਲਿਪਟੇ ਹੋਏ ਹਨ, ਫਿਰ ਉਨ੍ਹਾਂ ਦਾ ਸਿੱਖੀ ਬਾਣਾ ਵੇਖ ਕੇ ਨੌਜੁਆਨ ਤਾਂ ਨਿਰਾਸ਼ ਹੀ ਹੋਣਗੇ।

ਸਿੱਧੂ ਮੂਸੇਵਾਲੇ ਵਰਗੇ ਨੌਜੁਆਨ ਪੱਗ ਦੀ ਲਾਜ ਰਖਦੇ ਨੇ, ਅਪਣੀ ਧਰਤੀ ਵਿਚ ਇਮਾਨਦਾਰੀ ਨਾਲ ਕੰਮ ਕਰਦੇ ਹਨ ਤੇ ਉਨ੍ਹਾਂ ਨੂੰ ਖ਼ਤਮ ਹੀ ਕਰ ਦਿਤਾ ਜਾਂਦਾ ਹੈ। ਫਿਰ ਕਿਉਂ ਧਰਮ ਪਰਿਵਰਤਨ ਦਾ ਇਲਜ਼ਾਮ ਕਿਸੇ ਹੋਰ ਧਰਮ 'ਤੇ ਲਾਉਂਦੇ ਹੋ ਜਦ ਕਮਜ਼ੋਰੀ ਦਾ ਕਾਰਨ ਸਿੱਖ ਧਾਰਮਕ ਆਗੂਆਂ ਦੀਆਂ ਅਪਣੀਆਂ ਗ਼ਲਤੀਆਂ ਹਨ ਤੇ ਸਿੱਖ ਸਮਾਜ ਦਾ ਭਾਈ ਲਾਲੋਆਂ ਤੇ ਭਾਈ ਮਰਦਾਨਿਆਂ ਨੂੰ ਅਪਣਾ ਅੰਗ ਮੰਨਣ ਤੋਂ ਇਨਕਾਰੀ ਹੋਣਾ ਹੈ? ਉਨ੍ਹਾਂ ਦੇ ਮੁਰਦਿਆਂ ਨੂੰ ਅਪਣੀਆਂ ਸ਼ਮਸ਼ਾਨ ਭੂਮੀਆਂ ਵਿਚ ਸਾੜਨ ਦੀ ਆਗਿਆ ਵੀ ਨਹੀਂ ਦੇਂਦਾ ਤੇ ਲੰਗਰ ਵਿਚ ਗ਼ਰੀਬ ਨੂੰ ਨੇੜੇ ਵੀ ਨਹੀਂ ਬਹਿਣ ਦੇਂਦਾ। ਔਖ ਵੇਲੇ ਕਿਸੇ ਦੀ ਮਦਦ ਵੀ ਨਹੀਂ ਕਰਦਾ। ਫਿਰ ਉਹ ਦੁਖੀ ਲੋਕ ਦੂਜਿਆਂ ਵਲ ਕਿਉਂ ਨਾ ਝਾਕਣਗੇ ਤੇ ਸਾਡੀ ਬੇਰੁਖ਼ੀ ਤੇ ਮਾਇਆਵਾਦੀ ਸੋਚ ਦਾ ਲਾਭ ਦੂਜੇ ਕਿਉਂ ਨਹੀਂ ਉਠਾਉਣਗੇ?

ਈਸਾਈ ਸਾਰੇ ਗ਼ਰੀਬ, ਲਾਚਾਰ, ਛੋਟੀਆਂ ਜਾਤਾਂ ਵਾਲਿਆਂ ਨੂੰ ਖੁਲ੍ਹਾ ਸੱਦਾ ਦੇਂਦੇ ਹਨ ਕਿ ਜੇ ਉਹ ਉਨ੍ਹਾਂ ਵਿਚ ਸ਼ਾਮਲ ਹੋ ਜਾਣ ਤਾਂ ਉਹ ਹਰ ਮਦਦ ਕਰਨ ਨੂੰ ਤਿਆਰ ਹਨ। ਉਹ ਈਸਾਈ ਧਰਮ ਦੀ ਫ਼ਿਲਾਸਫ਼ੀ ਸਮਝਾਏ ਬਿਨਾਂ ਅਤੇ 'ਚਮਤਕਾਰੀ' ਦੇ ਝੂਠੇ ਪ੍ਰਚਾਰ ਦੇ ਸਹਾਰੇ, ਗ਼ਰੀਬ ਦੀ ਦੁਖਦੀ ਰੱਗ ਤੇ ਹੱਥ ਰੱਖ ਕੇ ਧਰਮ ਤਬਦੀਲੀ ਦੇ 'ਫ਼ਾਇਦੇ' ਦੱਸਣ ਨੂੰ 'ਧਰਮ ਪ੍ਰਚਾਰ' ਕਹਿਣ ਲਗਦੇ ਹਨ। ਇਹ ਢੰਗ ਵਰਤ ਕੇ ਧਰਮ ਬਦਲਣਾ ਗ਼ਲਤ ਹੀ ਸਹੀ ਪਰ ਇਸ ਦਾ ਜਵਾਬ ਕੀ ਇਹ ਹੈ ਕਿ ਉਨ੍ਹਾਂ ਦੀ ਧਾਰਮਕ ਆਜ਼ਾਦੀ ਖੋਹ ਲਈ ਜਾਏ ਜਾਂ ਫਿਰ ਨਾਨਕ ਬਾਣੀ ਨੂੰ ਅਤੇ ਅਪਣੇ ਇਤਿਹਾਸ ਨੂੰ ਸਾਹਮਣੇ ਰੱਖ ਕੇ ਹੋਰ ਕੋਈ ਸਾਰਥਕ ਹੱਲ ਕਢਿਆ ਜਾਏ? ਸਿੱਖ ਵਿਦਵਾਨ ਨਿਰਪੱਖ ਹੋ ਕੇ, ਬਾਬੇ ਨਾਨਕ ਦੇ ਚਰਨ ਫੜ ਕੇ, ਇਸ ਪ੍ਰਸ਼ਨ ਦਾ ਹੱਲ ਲੱਭਣਗੇ ਤਾਂ ਜ਼ਰੂਰ ਮਿਲ ਜਾਏਗਾ। ਹਾਲ ਦੀ ਘੜੀ, ਦੋਹਾਂ ਧਿਰਾਂ ਦੇ ਆਗੂ, ਇਕ ਦੂਜੇ ਨੂੰ ਚੁੱਭਣ ਵਾਲੀਆਂ ਗ਼ਲਤੀਆਂ ਇਕਦਮ ਬੰਦ ਕਰ ਦੇਣ ਤੇ ਦਸ ਦੇਣ ਕਿ ਦੋ ਘੱਟ ਗਿਣਤੀਆਂ ਆਪਸੀ ਮਤਭੇਦ ਕਿਵੇਂ ਦੂਰ ਕਰਦੀਆਂ ਹਨ।

– ਨਿਮਰਤ ਕੌਰ

## ਤੀਜੀ ਵਾਰ ਸੱਤਾ 'ਚ ਆਵੇਗੀ ਭਾਜਪਾ:ਨੱਢਾ

ਚੰਡੀਗੜ੍ਹ-ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੇ ਚੰਡੀਗੜ੍ਹ ਵਿੱਚ ਪਾਰਟੀ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਨੇ ਸਾਲ 2014 ਤੋਂ ਲੈ ਕੇ ਹੁਣ ਤੱਕ ਦੇਸ਼ ਵਿੱਚ ਕਈ ਵੱਡੇ ਬਦਲਾਅ ਲਿਆਂਦੇ ਹਨ। ਨੱਢਾ ਨੇ ਕਿਹਾ ਕਿ ਭਾਜਪਾ ਤੋਂ ਇਲਾਵਾ ਹੋਰਨਾਂ ਸਿਆਸੀ ਪਾਰਟੀਆਂ ਨੇ ਲੋਕਾਂ ਦੀ ਥਾਂ ਆਪਣੇ ਅਤੇ ਆਪਣੇ ਪਰਿਵਾਰ ਬਾਰੇ ਹੀ ਸੋਚਿਆ ਹੈ, ਪਰ ਭਾਜਪਾ ਲੋਕ ਹਿੱਤ 'ਚ ਫ਼ੈਸਲੇ ਲੈ ਰਹੀ ਹੈ। ਇਸੇ ਲਈ ਲੋਕ ਮੁੜ 2024 ਵਿੱਚ ਭਾਜਪਾ ਨੂੰ ਕੇਂਦਰ ਵਿਚ ਸੱਤਾ 'ਚ ਲਿਆਉਣਗੇ।

T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ
604-607-0333

# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331
ਪਰਮਜੀਤ ਪਰਮਾਰ:604-889-1738

# ਵਧਦੀਆਂ ਕੀਮਤਾਂ ਕਾਰਨ 3 ’ਚੋਂ ਇਕ ਭਾਰਤੀ ਪਰਿਵਾਰ ਨੇ ਦੁੱਧ ਪੀਣਾ ਛੱਡਿਆ:ਸਰਵੇਖਣ

ਨਵੀਂ ਦਿੱਲੀ:-ਦੁੱਧ ਦੀਆਂ ਵਧਦੀਆਂ ਕੀਮਤਾਂ ਕਾਰਨ ਤਿੰਨ ਵਿੱਚੋਂ ਇੱਕ ਭਾਰਤੀ ਪਰਿਵਾਰ ਦੁੱਧ ਦੀ ਖਪਤ ਘਟਾ ਰਿਹਾ ਹੈ। ਦੁੱਧ ਦੀਆਂ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਕੀਤੇ ਗਏ ਸਰਵੇਖਣ ਵਿੱਚ ਇਹ ਤੱਥ ਸਾਹਮਣੇ ਆਏ ਹਨ। ਸਰਵੇਖਣ ਦੇਸ਼ ਭਰ ਦੇ 311 ਜ਼ਿਲ੍ਹਿਆਂ ਵਿੱਚ 21,000 ’ਤੇ ਕੀਤਾ ਗਿਆ, ਜਿਨ੍ਹਾਂ ਵਿੱਚੋਂ 69 ਫ਼ੀਸਦ ਪੁਰਸ਼ ਸਨ। ਜ਼ਿਆਦਾਤਰ ਭਾਰਤੀ ਘਰਾਂ ਵਿੱਚ, ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਦਹੀਂ, ਮੱਖਣ, ਘਿਓ, ਮੱਖਣ ਦੀ ਸਭ ਤੋਂ ਵੱਧ ਖਪਤ ਹੁੰਦੀ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ ਦੀ ਸਲਾਨਾ ਰਿਪੋਰਟ ਅਨੁਸਾਰ ਭਾਰਤ ਨਾ ਸਿਰਫ ਸਭ ਤੋਂ ਵੱਡਾ ਦੁੱਧ ਉਤਪਾਦਕ ਹੈ, ਸਗੋਂ ਦੁੱਧ ਅਤੇ ਦੁੱਧ ਉਤਪਾਦਾਂ ਦਾ ਸਭ ਤੋਂ ਵੱਡਾ ਖਪਤਕਾਰ ਵੀ ਹੈ।


PAIN

*ICBC Covered *Extended Health Care

MSP Covered Premium Assistance under 10 treatments FREE

WE TEAT :
- BACK PAIN
- NECK PAIN
- HEEL PAIN
- SHOULDER PAIN
- KNEE PAIN
- SCIATICA NERVE PAIN

ਅਸੀਂ ਇਲਾਜ ਕਰਦੇ ਹਾਂ :
- ਪਿੱਠ ਦੀ ਦਰਦ
- ਗਰਦਨ ਦੀ ਦਰਦ
- ਅੱਡੀ ਦਾ ਦਰਦ
- ਮੋਢਿਆਂ ਦੀ ਦਰਦ
- ਗੋਡਿਆਂ ਦੀ ਦਰਦ
- ਸਕਾਈਟਿਕਾ ਨਰਵ ਦਰਦ

BEIJING ACUPUNCTURE & TCM CLINIC

604.496.5056






Dr. PARK HUN MYUNG
R.AC LEE SEUNG YEON

9631-136A ST SURREY (ACROSS SURREY MEMORIAL HOSPITAL)
EMAIL: HUNMYPARK@GMAIL.COM



DREAMVIEW KITCHEN CABINETS

DREAM VIEW KITCHEN CABINETS

WWW.DREAMVIEWKITCHEN.CA



SPECIALIZE IN SINGLE & MULTI FAMILY PROJECTS

- CUSTOM KITCHEN CABINETS
- VANITIES, BATHROOMS
- COUNTER TOPS • BARS
- ENTERTAINMENT UNITS



BALWINDER BASSI - OFF: 604-590-0880 • CELL: 604-537-9151
SHOWROOM: #5 12372 84TH AVE. SURREY
F: 604.590.0881
EMAIL: DREAMVIEWKITCHEN@GMAIL.COM



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਮੇਰੇ ਖਿਲਾਫ ਸ਼ਾਜਿਸ਼ ਰਚੀ ਗਈ:ਲਿੰਗਾਇਤ ਸੰਤ



ਬੰਗਲੁਰੂ:ਕਰਨਾਟਕ ਦੇ ਸਭ ਤੋਂ ਸ਼ਕਤੀਸ਼ਾਲੀ ਲਿੰਗਾਇਤ ਮਠਾਂ ਵਿੱਚੋਂ ਇੱਕ ਦੇ ਮੁਖੀ ਡਾ. ਸ਼ਿਵਮੂਰਤੀ ਮੁਰੁਗਾ ਸ਼ਰਣਰੂ ਨੂੰ ਦੋ ਨਾਬਾਲਿਗ ਕੁੜੀਆਂ ਦੇ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਹੈ।ਇਹ ਮਾਮਲਾ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਸਾਬਕਾ ਮੁੱਖ ਮੰਤਰੀ ਬੀਐਸ ਯੇਦੀਯੁਰੱਪਾ ਨੇ ਖੁੱਲ੍ਹ ਕੇ ਸਵਾਮੀ ਸ਼ਿਵਮੂਰਤੀ ਦਾ ਸਮਰਥਨ ਕੀਤਾ।ਉਨ੍ਹਾਂ ਕਿਹਾ, ‘’ਇਹ ਸਵਾਮੀਜੀ ਦੇ ਖ਼ਿਲਾਫ਼ ਸਾਜ਼ਿਸ਼ ਹੈ। ਉਨ੍ਹਾਂ ‘ਤੇ ਲਗਾਏ ਗਏ ਇਲਜ਼ਾਮਾਂ ‘ਚ ਕੋਈ ਸੱਚਾਈ ਨਹੀਂ ਹੈ। ਜਾਂਚ ਤੋਂ ਬਾਅਦ ਸੱਚ ਸਾਹਮਣੇ ਆ ਜਾਵੇਗਾ।ਹਾਲਾਂਕਿ, ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਿਹਾ ਹੈ ਕਿ ਜਾਂਚ ਤੋਂ ਬਾਅਦ ਹੀ ਸੱਚਾਈ ਦਾ ਪਤਾ ਲੱਗ ਸਕੇਗਾ।ਦੂਜੇ ਪਾਸੇ, ਡਾ. ਸ਼ਿਵਮੂਰਤੀ ਮੁਰੁਗਾ ਸ਼ਰਣਰੂ ਨੇ ਮਠ ਦੇ ਪੈਰੋਕਾਰਾਂ ਨੂੰ ਕਿਹਾ ਹੈ ਕਿ ਉਹ ਇਨ੍ਹਾਂ ਇਲਜ਼ਾਮਾਂ ਤੋਂ ਨਾ ਘਬਰਾਉਣ।ਉਨ੍ਹਾਂ ਕਿਹਾ, ‘’ਇਹ ਮੇਰੇ ਅਕਸ ਨੂੰ ਖਰਾਬ ਕਰਨ ਲਈ ਰਚੀ ਗਈ ਸਾਜ਼ਿਸ਼ ਹੈ।‘’

ਸਵਾਮੀ ਸ਼ਿਵਮੂਰਤੀ ਨੇ ਕਾਂਗਰਸ ਸਰਕਾਰ ਦਾ ਉਸ ਵੇਲੇ ਸਮਰਥਨ ਕੀਤਾ ਸੀ ਜਦੋਂ ਉਨ੍ਹਾਂ ਨੇ ਲਿੰਗਾਇਤਾਂ ਦੇ ਧਰਮ ਨੂੰ ਵੱਖਰਾ ਧਰਮ ਐਲਾਨਣ ਦਾ ਪ੍ਰਸਤਾਵ ਰੱਖਿਆ ਸੀ। ਉਨ੍ਹਾਂ ਨੇ ਰਾਹੁਲ ਗਾਂਧੀ ਨੂੰ ਪਿਛਲੇ ਮਹੀਨੇ ਹੀ ਦੀਖਿਆ ਦਿੱਤੀ ਸੀ।ਮੁਰੁਗਾ ਮਠ ਉਨ੍ਹਾਂ ਮਠਾਂ ਵਿੱਚੋਂ ਇੱਕ ਹੈ ਜੋ ਸਮਾਜ ਸੁਧਾਰਕ ਸੰਤ ਭਗਵਾਨ ਬਸਵੇਸ਼ਵਰ ਦੇ ਸੁਧਾਰਵਾਦੀ ਅੰਦੋਲਨ ਦੇ ਦੱਸੇ ਮਾਰਗਾਂ ‘ਤੇ ਚੱਲਦਾ ਹੈ। ਬਸਵੇਸ਼ਵਰ ਨੇ ਬ੍ਰਾਹਮਣਵਾਦ ਅਤੇ ਵੈਦਿਕ ਕਰਮਕਾਂਡਾਂ ਦੇ ਖ਼ਿਲਾਫ਼ ਵਿਦਰੋਹ ਕੀਤਾ ਸੀ।ਲਿੰਗਾਇਤਾਂ ਦਾ ਮੰਨਣਾ ਹੈ ਕਿ ਉਹ ਹਿੰਦੂ ਨਹੀਂ ਹਨ ਕਿਉਂਕਿ ਉਨ੍ਹਾਂ ਦਾ ਪੂਜਾ ਕਰਨ ਦਾ ਤਰੀਕਾ ਹਿੰਦੂਆਂ ਨਾਲੋਂ ਬਿਲਕੁਲ ਵੱਖਰਾ ਹੈ।ਉਹ ਨਿਰਾਕਾਰ ਸ਼ਿਵ ਦੀ ਪੂਜਾ ਕਰਦੇ ਹਨ। ਉਹ ਮੰਦਰ ਨਹੀਂ ਜਾਂਦੇ ਜਾਂ ਮੂਰਤੀ ਦੀ ਪੂਜਾ ਨਹੀਂ ਕਰਦੇ।ਲਿੰਗਾਇਤਾਂ ਦਾ ਮੰਨਣਾ ਹੈ ਕਿ ਉਹ ਹਿੰਦੂ ਨਹੀਂ ਹਨ ਕਿਉਂਕਿ ਉਨ੍ਹਾਂ ਦਾ ਪੂਜਾ ਕਰਨ ਦਾ ਤਰੀਕਾ ਹਿੰਦੂਆਂ ਨਾਲੋਂ ਬਿਲਕੁਲ ਵੱਖਰਾ ਹੈ।ਜਗਤਗੁਰੂ ਸ਼ਿਵਮੂਰਤੀ ਨੇ ਬੀਬੀਸੀ ਨੂੰ ਦੱਸਿਆ ਸੀ, “ਬਾਸਵੰਨਾ ਦੇ ਸ਼ਬਦਾਂ ਤੋਂ ਪ੍ਰਭਾਵਿਤ ਹੋ ਕੇ ਸਾਰੀਆਂ ਜਾਤਾਂ ਦੇ ਲੋਕਾਂ ਨੇ ਲਿੰਗਾਇਤ ਧਰਮ ਅਪਣਾਇਆ, ਜਿਸ ਵਿੱਚ ਜਾਤੀ ਅਤੇ ਕੰਮ ਨੂੰ ਲੈ ਕੇ ਕੋਈ ਮਤਭੇਦ ਨਹੀਂ ਸੀ।“

ਉਨ੍ਹਾਂ ਨੇ ਕਿਹਾ ਸੀ, “ਬਸ ਇੰਨਾਂ ਕਿ ਨਿਰਾਕਾਰ ਸ਼ਿਵ ਦੀ ਉਪਾਸਨਾ ਅਤੇ ਅਡੰਬਰ ਦੇ ਖ਼ਿਲਾਫ਼ ਕੰਮ ਕਰਨਾ ਹੀ ਲਿੰਗਾਇਤ ਦਾ ਕਰਮ ਅਤੇ ਧਰਮ ਹੈ।“ਲਿੰਗਾਇਤ ਜਨੇਊ ਨਹੀਂ ਪਹਿਨਦੇ, ਪਰ ਇਸ਼ਟ ਸ਼ਿਵਲਿੰਗ ਨੂੰ ਅਪਣਾਉਂਦੇ ਹਨ ਅਤੇ ਉਨ੍ਹਾਂ ਦੀ ਉਪਾਸਨਾ ਕਰਦੇ ਹਨ।

## ਏਸ਼ੀਆ ਕੱਪ:ਭਾਰਤ ਸ਼੍ਰੀਲੰਕਾ ਤੋਂ ਆਖਰੀ ਓਵਰ ਵਿਚ ਹਾਰਿਆ

ਨਵੀ ਦਿੱਲੀ- ਏਸ਼ੀਆ ਕੱਪ-2022 ਟੂਰਨਾਮੈਂਟ ਰੋਮਾਂਚਕ ਮੋੜ ‘ਤੇ ਪਹੁੰਚ ਗਿਆ ਹੈ। ਮੰਗਲਵਾਰ ਨੂੰ ਹੋਏ ਮੈਚ ਵਿੱਚ ਸ਼੍ਰੀਲੰਕਾ ਨੇ ਭਾਰਤ ਨੂੰ 6 ਵਿਕਟਾਂ ਨਾਲ ਹਰਾਇਆ। ਸ਼੍ਰੀਲੰਕਾ ਨੇ ਭਾਰਤ ਵੱਲੋਂ ਦਿੱਤੇ 174 ਦੌੜਾਂ ਦੇ ਟੀਚੇ ਨੂੰ ਆਖਰੀ ਓਵਰ ‘ਚ ਹਾਸਲ ਕਰ ਲਿਆ। ਇਸ ਹਾਰ ਨਾਲ ਭਾਰਤ ਦੇ ਏਸ਼ੀਆ ਕੱਪ ਦੇ ਫਾਈਨਲ ਵਿਚ ਪਹੁੰਚਣ ਦੇ ਚਾਂਸ ਘਟ ਗਏ ਹਨ। ਸ਼੍ਰੀਲੰਕਾ ਨੂੰ ਆਖਰੀ ਓਵਰ ਵਿਚ ਜਿੱਤਣ ਲਈ 7 ਰਨ ਚਾਹੀਦੇ ਸਨ। ਅਰਸ਼ਦੀਪ ਨੇ ਆਖਰੀ ਓਵਰ ਵਿਚ ਭਾਰਤ ਨੂੰ ਹਾਰ ਤੋਂ ਬਚਾਉਣ ਲਈ ਪੂਰਾ ਜੋਰ ਲਾਇਆ, ਪਰ ਭਾਰਤ ਹਾਰ ਗਿਆ।

(ਮੁੱਖ ਪੰਨੇ ਦੀ ਬਾਕੀ)

ਤੱਥ ਕਰਦੇ ਸਨ ਕਿ ਜ਼ਿਆਦਾਤਰ ਲਾਸ਼ਾਂ ਪੁਲਿਸ ਨੇ ਸ਼ਮਸ਼ਾਨ ਘਾਟਾਂ ਵਿੱਚ ਲਿਆਂਦੀਆਂ ਸਨ।ਖਾਲੜਾ ਰਾਹੀਂ ਹੋਏ ਖੁਲਾਸੇ ਨੇ ਲਾਵਾਰਿਸ ਲਾਸ਼ਾਂ ਅਤੇ ਲਾਪਤਾ ਜੀਆਂ ਦੇ ਸੁਆਲ ਪਰਿਵਾਰਾਂ ਜਾਂ ਉਨ੍ਹਾਂ ਨਾਲ ਜੁੜੀਆਂ ਜਥੇਬੰਦੀਆਂ ਦੇ ਘੇਰੇ ਵਿੱਚੋਂ ਕੱਢ ਸਿਆਸੀ-ਸਮਾਜਿਕ ਪਿੜ ਵਿੱਚ ਲਿਆ ਦਿੱਤੇ।ਇਨ੍ਹਾਂ ਮਸਲਿਆਂ ਨਾਲ ਜੁੜੇ ਸੁਆਲਾਂ ਦੀ ਕੀਮਤ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਦੇ ਕੇ ਉਤਾਰਨੀ ਪਈ ਸੀ।ਉਨ੍ਹਾਂ ਨੂੰ 6 ਸਤੰਬਰ 1995 ਨੂੰ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਘਰੋਂ ਪੁਲਿਸ ਨੇ ਅਗਵਾ ਕੀਤਾ ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲੱਗਿਆ।ਉਨ੍ਹਾਂ ਨੂੰ ਅਗਵਾ ਕਰਨ ਅਤੇ ਕਤਲ ਕਰਨ ਲਈ ਸੀਬੀਆਈ ਨੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਦੋਸ਼ੀ ਦੱਸਿਆ।ਇੰਡੀਅਨ ਐਕਸਪ੍ਰੈੱਸ ਅਨੁਸਾਰ 5 ਨਵੰਬਰ 1995 ਪਟਿਆਲਾ ਦੀ ਸੈਸ਼ਨ ਅਦਾਲਤ ਨੇ ਡੀਐੱਸਪੀ ਜਸਪਾਲ ਸਿੰਘ ਤੇ ਅਮਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।ਫਿਰ ਅਕਤੂਬਰ 2007 ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਦੀ ਜਸਟਿਸ ਮਹਿਤਾਬ ਸਿੰਘ ਗਿੱਲ ਨੇ 4 ਹੋਰ ਦੋਸ਼ੀ ਪੁਲਿਸ ਮੁਲਾਜ਼ਮਾਂ ਦੀ 7 ਸਾਲ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਸੀ।ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ 15 ਜੁਲਾਈ 2004 ਨੂੰ ‘ਦਿ ਟ੍ਰਿਬਿਊਨ’ ਅਖ਼ਬਾਰ ਵਿੱਚ ਇੱਕ ਜਨਤਕ ਨੋਟਿਸ ਜਾਰੀ ਕੀਤਾ ਸੀ।ਉਸ ਵਿੱਚ ਕਮਿਸ਼ਨ ਨੇ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਈ ਜਾਂਚ ਵਿੱਚ ਉਨ੍ਹਾਂ 2097 ਲਾਸ਼ਾਂ ਦਾ ਵੇਰਵਾ ਦਿੱਤਾ ਜਿਨ੍ਹਾਂ ਦਾ ਪੰਜਾਬ ਪੁਲਿਸ ਵੱਲੋਂ ਸਸਕਾਰ ਕਰ ਦਿੱਤਾ ਗਿਆ ਸੀ।ਕਮਿਸ਼ਨ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਵਿੱਚ ਕੀਤੇ ਸਸਕਾਰਾਂ ਦੀ ਜਾਣਕਾਰੀ ਜਾਰੀ ਕੀਤੀ ਸੀ।ਕਮਿਸ਼ਨ ਨੇ ਲਾਸ਼ਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਸੀ। ਏ ਸ਼੍ਰੇਣੀ ਵਿੱਚ 693 ਲਾਸ਼ਾਂ ਦੀ ਜਾਣਕਾਰੀ ਸੀ ਜਿਨ੍ਹਾਂ ਦੀ ਪਛਾਣ ਹੋ ਚੁੱਕੀ ਸੀ।ਬੀ ਸ਼੍ਰੇਣੀ ਵਿੱਚ 214 ਲਾਸ਼ਾਂ ਦੀ ਜਾਣਕਾਰੀ ਸੀ ਜਿਨ੍ਹਾਂ ਦੀ ਕੁਝ ਹੱਦ ਤੱਕ ਪਛਾਣ ਹੋ ਸਕੀ ਸੀ ਅਤੇ ਸੀ ਸ਼੍ਰੇਣੀ ਵਿੱਚ 1190 ਲਾਸ਼ਾਂ ਸਨ ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ ਸੀ।ਕਮਿਸ਼ਨ ਨੇ ਜਨਤਕ ਨੋਟਿਸ ਜਾਰੀ ਕਰਕੇ ਲੋਕਾਂ ਤੋਂ ਆਪਣੇ ਦਾਅਵੇ ਪੇਸ਼ ਕਰਨ ਨੂੰ ਕਿਹਾ ਸੀ।ਕੇਵਲ 88 ਲੋਕਾਂ ਵੱਲੋਂ ਆਪਣੇ ਦਾਅਵੇ ਪੇਸ਼ ਕੀਤੇ ਗਏ ਸਨ।ਪੁਲਿਸ ਡਰ ਕਾਰਣ ਲੋਕ ਆਪਣੇਂ ਲਾਪਤਾ ਜੀਆਂ ਦਾ ਬਾਰੇ ਰਿਪੋਰਟ ਕਰਨ ਨਾ ਗਏ ਕਿਉਂਕਿ ਉਨਾ ਨੂੰ ਡਰ ਸੀ ਕਿਤੇ ਸਾਡੇ ਦੂਸਰੇ ਬੱਚੇ ਵੀ ਖਾੜਕੂ ਕਹਿ ਕੇ ਖਤਮ ਕਰ ਦਿੱਤੇ ਜਾਣਗੇ।ਪੰਜਾਬ ਵਿੱਚ ਲਾਪਤਾ ਜੀਆਂ ਦਾ ਸੁਆਲ ਇਸ ਕੌਮਾਂਤਰੀ ਰੁਝਾਨ ਦਾ ਹਿੱਸਾ ਹਨ।ਇਸ ਤਰਾਂ ਦੀਆਂ ਲਾਪਤਾ ਲੋਕਾਂ ਦੀਆਂ ਕਹਾਣੀਆ ਭਾਰਤ ਦੇ ਚਾਰਾਂ ਖੂੰਜਿਆਂ ਵਿੱਚ ਵਾਪਰ ਰਹੀਆਂ ਹਨ, ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ, ਗੁਜਰਾਤ ਤੋਂ ਸਿਲੌਂਗ ਤੱਕ।


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC



UNIVERSAL TENT RENTAL LTD.
PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book your special event
Jaswinder (Jessie) Thandi
Ph: 604.951.2905
Cell: 604.825.8588
Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca
www.universaltent.ca



UNIVERSAL BUILDING MAINTENANCE LTD.
Since 1987





*RESIDENTIAL *COMMERCIAL *INDUSTRIAL
- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates
Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਸੰਦੀਪ ਨੰਗਲ ਅੰਬੀਆਂ ਦੇ ਕਤਲ ਮਾਮਲੇ ’ਚ ਕਬੱਡੀ ਫੈਡਰੇਸ਼ਨਾਂ ਦੇ ਮਾਲਕ ਨਾਮਜ਼ਦ

ਜਲੰਧਰ-ਨੀਂਵੀ ਮੱਲੀਆਂ ’ਚ ਮੈਚ ਦੌਰਾਨ ਗੋਲ਼ੀਆਂ ਮਾਰ ਕੇ ਕਤਲ ਕੀਤੇ ਗਏ ਮਸ਼ਹੂਰ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਮਾਮਲੇ ’ਚ ਇਕ ਨਵਾਂ ਮੋੜ ਆਇਆ ਹੈ। ਪੁਲਸ ਨੇ ਇਸ ਮਾਮਲੇ ’ਚ 3 ਹੋਰ ਲੋਕਾਂ ਨੂੰ ਨਾਮਜ਼ਦ ਕੀਤਾ ਹੈ। ਪਤਨੀ ਅਤੇ ਭਰਾ ਦੇ ਕਹਿਣ ’ਤੇ ਨਾਰਥ ਇੰਡੀਅਨ ਕਬੱਡੀ ਫੈੱਡਰੇਸ਼ਨ ਦੇ ਪ੍ਰਧਾਨ ਸੁਰਜਨ ਚੱਠਾ, ਨੈਸ਼ਨਲ ਕਬੱਡੀ ਫੈੱਡਰੇਸ਼ਨ ਆਫ਼ ਉਂਟਾਰੀਆਂ (ਕੈਨੇਡਾ)ਦੇ ਪ੍ਰਧਾਨ ਸੁੱਖਾ ਮਾਨ ਅਤੇ ਰਾਇਲ ਕਿੰਗਸ ਕਲੱਬ ਯੂ. ਐੱਸ. ਏ. ਦੇ ਮਾਲਕ ਸ਼ੱਬਾ ਥਿਆੜਾ



ਦੇ ਨਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ੱਬਾ ਥਿਆੜਾ 14 ਮਾਰਚ ਨੂੰ ਪਹਿਲਾਂ ਭਾਰਤ ਹੀ ਸੀ ਹੁਣ ਉਹ ਕੈਨੇਡਾ ਭੱਜ ਗਿਆ ਹੈ। ਜਾਣਕਾਰੀ ਮੁਤਾਬਕ ਹੁਣ ਤੱਕ 18 ਮੁਲਜ਼ਮ ਸੰਦੀਪ ਨੰਗਲ ਅੰਬੀਆਂ ਕਤਲ ਮਾਮਲੇ ’ਚ ਨਾਮਜ਼ਦ ਕੀਤੇ ਜਾ ਚੁੱਕੇ ਹਨ। ਇਸ ਮਾਮਲੇ ’ਚ ਸ਼ਿੱਬਾ ਥਿਆੜਾ ਤੋਂ ਪੁੱਛਗਿੱਛ ਕੀਤੀ ਗਈ ਤਾਂ ਇਸ ਦੌਰਾਨ ਉਸ ਨੇ ਦੱਸਿਆ ਕਿ ਸੁੱਖਾ ਮਾਨ ਅਤੇ ਥਿਆੜਾ ਭਰਾ ਨੂੰ ਫੈੱਡਰੇਸ਼ਨ ’ਚ ਸ਼ਾਮਲ ਕਰਨਾ ਚਾਹੁੰਦੇ ਸਨ, ਜਿਸ ਨੂੰ ਸੰਦੀਪ ਨੰਗਲ ਨੇ ਇਨਕਾਰ ਕਰ ਦਿੱਤਾ ਸੀ। ਮ੍ਰਿਤਕ ਦੇ ਭਰਾ ਨੇ ਆਪਣੇ ਬਿਆਨ ’ਚ ਦੱਸਿਆ ਕਿ ਸੰਦੀਪ ਨੰਗਲ ਦੇ ਕਤਲ ’ਚ ਇਨ੍ਹਾਂ ਤਿੰਨਾਂ ਦਾ ਹੱਥ ਹੈ। ਸੰਦੀਪ ਦੇ ਭਰਾ ਨੂੰ ਵੀ ਕੇਸ ਵਾਪਸ ਲੈਣ ਨੂੰ ਲੈ ਕੇ ਧਮਕੀ ਦਿੱਤੀ ਜਾ ਰਹੀ ਸੀ।ਉਸ ਨੇ ਦੱਸਿਆ ਕਿ ਉਸ ਨੂੰ ਸੋਸ਼ਲ ਮੀਡੀਆ ਜ਼ਰੀਏ ਫੋਨ ਆਇਆ ਸੀ ਕਿ ਜੇਕਰ ਉਸ ਨੇ ਕੇਸ ਵਾਪਸ ਨਾ ਲਿਆ ਤਾਂ ਉਸ ਨੂੰ ਜਾਨ ਤੋਂ ਮਾਰ ਦਿੱਤਾ ਜਾਵੇਗਾ। ਉਸ ਦਾ ਹਾਲ ਵੀ ਸੰਦੀਪ ਵਰਗਾ ਹੋਵੇਗਾ। ਧਮਕੀ ਦੇਣ ਵਾਲਾ ਆਪਣੇ ਆਪ ਨੂੰ ਕੈਨੇਡਾ ਤੋਂ ਹਰਮਨਜੀਤ ਸਿੰਘ ਕੰਗ ਸੋਨੋਵਰ ਢਿੱਲੋਂ ਦਾ ਦੋਸਤ ਦੱਸ ਰਿਹਾ ਸੀ।

# ਮੇਰਟ(ਬੀ.ਸੀ) ‘ਚ ਪੰਜਾਬੀ ਲੇਖਕ ਲੜੇਗਾ ਮੇਅਰ ਦੀ ਚੋਣ

ਮੇਰਟ:ਬ੍ਰਿਟਿਸ਼ ਕੋਲੰਬੀਆ ਦੀਆਂ 15 ਅਕਤੂਬਰ ਨੂੰ ਨਗਰਪਾਲਿਕਾ ਦੀਆਂ ਚੋਣਾਂ ਹੋਣ ਜਾ ਰਹੀਆਂ ਨੇ, ਇਹਨਾ ਵਿਚ ਅੰਗਰੇਜ਼ੀ ਕਿਤਾਬਾਂ ਦੇ ਉੱਘੇ ਪੰਜਾਬੀ ਲੇਖਕ ਤੇ ਕਵੀ ਅਤੇ ਫ਼ਿਲਮ ਅਦਾਕਾਰ ਮਨਮੋਹਣ ਸਿੰਘ ਮਾਈਕ ਭੰਗੂ ਮੇਅਰ ਦੀ ਚੋਣ ਲੜ ਰਹੇ।

ਉਹਨਾਂ ਨੇ ਮੇਰਟ ਸ਼ਹਿਰ ਤੋਂ ਮੇਅਰ ਦੇ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਹੈ।ਬਰਨਾਲਾ ਨੇੜਲੇ ਪਿੰਡ ਸੰਘੇੜਾ ਨਾਲ ਸਬੰਧਤ ਮਨਮੋਹਣ ਸਿੰਘ ਨੇ ਸਾਹਿਤ ਤੇ ਕਲਾ ਦੇ ਖੇਤਰ ਵਿਚ ਚੰਗਾ ਨਾਮ ਖੱਟਿਆ ਹੈ। ਉਹ 2018 ਤੋਂ 2021 ਤੱਕ ਮੇਰਟ ਦਾ ਕੌਂਸਲਰ ਵੀ ਰਹਿ ਚੁੱਕਾ ਹੈ।
















## ਬਰਸੀ 'ਤੇ ਵਿਸ਼ੇਸ਼

# ਸਿੰਘ ਸਭਾ ਲਹਿਰ ਲਹਿਰ ਦਾ 150ਵਾਂ ਸਥਾਪਨਾ ਵਰ੍ਹਾ ਅਤੇ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ

ਸਿੱਖ ਜਗਤ 2022 ਵਿਚ ਸਿੱਖਾਂ ਦੀ ਪੁਨਰ ਸੁਰਜੀਤੀ ਲਹਿਰ ਵਜੋਂ ਜਾਣੀ ਜਾਂਦੀ 'ਸਿੰਘ ਸਭਾ ਲਹਿਰ' ਦਾ150ਵਾਂ ਵਰ੍ਹਾ ਉਚੇਚੇ ਤੌਰ 'ਤੇ ਮਨਾ ਰਿਹਾ ਹੈ। ਇਸ ਸਬੰਧ ਵਿਚ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ ਵੱਲੋਂ 21-23 ਅਕਤੂਬਰ 2022 ਨੂੰ ਵੱਡੇ ਸਮਾਗਮ ਉਲੀਕੇ ਗਏ ਹਨ। ਇਹ ਸ਼ਲਾਘਾਯੋਗ ਉਪਰਾਲਾ ਹੈ ਅਤੇ ਦੇਸ਼ -ਵਿਦੇਸ਼ 'ਚੋਂ ਇਸ ਸੰਬੰਧੀ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਜਿੱਥੇ ਇਹ ਸ਼ਤਾਬਦੀ ਸਮਾਗਮ ਹੋ ਰਹੇ ਹਨ, ਉੱਥੇ ਸਿੰਘ ਸਭਾ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਅਹਿਮ ਸ਼ਖ਼ਸੀਅਤਾਂ ਗਿਆਨੀ ਦਿੱਤ ਸਿੰਘ, ਪ੍ਰੋਫ਼ੈਸਰ ਗੁਰਮੁਖ ਸਿੰਘ ਅਤੇ ਹੋਰਨਾਂ ਚਿੰਤਕਾਂ, ਬੁੱਧੀਜੀਵੀਆਂ ਅਤੇ ਸੁਧਾਰਕਾਂ ਨੂੰ ਯਾਦ ਕਰਨਾ ਬਹੁਤ ਜ਼ਰੂਰੀ ਹੈ। ਗਿਆਨੀ ਦਿੱਤ ਸਿੰਘ ਚਾਹੇ ਸਿੰਘ ਸਭਾ ਲਹਿਰ ਦੇ ਆਰੰਭ ਹੋਣ ਮਗਰੋਂ ਇਸ ਵਿੱਚ ਸ਼ਾਮਲ ਹੋਏ ਸਨ, ਪਰ ਜਲਦੀ ਹੀ ਇਸ ਦੇ ਪ੍ਰਮੁੱਖ ਚਿੰਤਕ ਹੋ ਨਿੱਬੜੇ ਸਨ। ਆਪ ਜੀ ਦਾ ਜਨਮ ਭਾਈ ਦੀਵਾਨ ਸਿੰਘ ਦੇ ਗ੍ਰਹਿ ਵਿਖੇ ਮਾਤਾ ਰਾਮ ਕੌਰ ਦੀ ਕੁੱਖੋਂ ਗ਼ਰੀਬ ਅਤੇ ਅਖੌਤੀ ਅਛੂਤ ਜੁਲਾਹਾ (ਮਨੂ ਸਮ੍ਰਿਤੀ ਅਨੁਸਾਰ) ਪਰਿਵਾਰ ਵਿੱਚ 21 ਅਪ੍ਰੈਲ 1853 ਆਨੰਦਪੁਰ ਕਲੌੜ ਰਿਆਸਤ ਪਟਿਆਲਾ, ਅੱਜਕੱਲ੍ਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹੋਇਆ। ਪੜ੍ਹਨ ਦੇ ਸ਼ੌਕ ਕਾਰਨ ਆਪ ਨੌ ਸਾਲ ਦੀ ਉਮਰ ਵਿੱਚ ਹੀ ਘਰ-ਬਾਰ ਛੱਡ ਕੇ ਗੁਰਬਖ਼ਸ਼ ਸਿੰਘ ਗੁਲਾਬਦਾਸੀਏ ਕੋਲ ਅੰਬਾਲਾ ਪਹੁੰਚੇ ਅਤੇ ਵੇਦਾਂਤ, ਪਿੰਗਲ ਅਤੇ ਹੋਰ ਧਰਮ ਗ੍ਰੰਥ ਪੜ੍ਹੇ। ਆਪ ਨੇ ਉਰਦੂ ਦੀ ਵਿੱਦਿਆ ਪਿੰਡ ਤਿਊੜ ਦੇ ਦਇਆ ਚੰਦ ਤੋਂ ਹਾਸਲ ਕੀਤੀ। ਸੋ.ਲਾਂ ਸਾਲ ਦੀ ਉਮਰ ਤਕ ਆਪ ਗੁਰੂ ਗ੍ਰੰਥ ਸਾਹਿਬ ਬਾਣੀ ਸਮੇਤ ਭਾਈ ਗੁਰਦਾਸ ਦੀਆਂ ਰਚਨਾਵਾਂ ਆਦਿ ਪੜ੍ਹ ਚੁੱਕੇ ਸਨ। ਸਿੱਖ ਜਗਤ ਨੂੰ ਜਾਗਰੂਕ ਕਰਨ ਵਾਲੀ ਸਿੰਘ ਸਭਾ ਲਹਿਰ ਦੀ ਸਥਾਪਨਾ ਚਾਹੇ 1873 ਵਿੱਚ ਹੋ ਚੁੱਕੀ ਸੀ, ਪਰ ਪ੍ਰੋ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਸਿੰਘ ਸਭਾ ਲਹਿਰ 'ਚ ਸ਼ਾਮਲ ਹੋਏ ਗਿਆਨੀ ਦਿੱਤ ਸਿੰਘ ਨੇ ਲਹਿਰ ਨੂੰ ਪ੍ਰਚੰਡ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ। ਆਪ ਜੀ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਸਮੇਤ ਜਾਗਰੂਕ ਸਿੱਖਾਂ ਨੇ ਜੀਵਨ ਭਰ ਸਿੱਖ ਸਿਧਾਂਤਾਂ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਗਿਆਨੀ ਦਿੱਤ ਸਿੰਘ ਨੇ ਸਿੱਖ ਸਿਧਾਂਤਾਂ ਨੂੰ ਬਿਆਨ ਕਰਦਿਆਂ, ਬਹੁਤ ਸਾਰੀਆਂ ਵਡਮੁੱਲੀਆਂ ਕਿਤਾਬਾਂ ਲਿਖੀਆਂ।

ਗਿਆਨੀ ਦਿੱਤ ਸਿੰਘ ਜੀ 'ਖ਼ਾਲਸਾ ਅਖ਼ਬਾਰ' ਲਾਹੌਰ ਦੇ ਸੰਪਾਦਕ ਰਹੇ ਅਤੇ ਅਖਬਾਰ ਜ਼ਰੀਏ ਲੋਕਾਂ ਨੂੰ ਅੰਧ-ਵਿਸ਼ਵਾਸ, ਜਾਦੂ- ਟੂਣੇ, ਫੋਕਟ ਕਰਮ-ਕਾਂਡ ਤੋਂ ਸੁਚੇਤ ਕੀਤਾ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਮੈਂਬਰ ਵੀ ਬਣੇ। ਇਨ੍ਹਾਂ ਪੱਖਾਂ ਤੋਂ ਇਲਾਵਾ ਹੋਰਨਾਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਵਿੱਚ ਗਿਆਨੀ ਦਿੱਤ ਸਿੰਘ ਦੀ ਹੋਰ ਵੀ ਵਡਮੁੱਲੀ ਦੇਣ ਹੈ ਕਿ ਦਰਬਾਰ ਸਾਹਿਬ ਵਿਖੇ ਅਖੌਤੀ ਬਾਬੇ ਖੇਮ ਸਿੰਘ ਬੇਦੀ ਦੀ ਗੁਰੂ ਸਾਹਿਬ ਬਰਾਬਰ ਲਗਾਈ ਗੱਦੀ ਹਟਾਉਣ, ਜਾਤ -ਪਾਤ ਅਤੇ ਊਚ- ਨੀਚ ਦੇ ਸਿੱਖ ਸਮਾਜ 'ਚ ਵੀ ਵਿਤਕਰੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਉਣ ਸਮੇਤ ਅਨੇਕਾਂ ਖੇਤਰਾਂ ਵਿੱਚ ਗਿਆਨੀ ਸਿੰਘ ਜੀ ਦੇ ਇਤਿਹਾਸਕ ਭੂਮਿਕਾ ਰਹੀ।



ਆਪ 6 ਸਤੰਬਰ 1901 ਨੂੰ ਸੰਸਾਰ ਤੋਂ ਕੂਚ ਕਰ ਗਏ। ਗਿਆਨੀ ਦਿੱਤ ਸਿੰਘ ਦੇ ਜੀਵਨ ਦਾ ਇਹ ਵੀ ਇਤਿਹਾਸਕ ਪੱਖ ਹੈ ਕਿ ਉਹ ਸੰਨ 1877 ਵਿਚ ਭਾਈ ਜਵਾਹਰ ਸਿੰਘ ਕਪੂਰ ਦੇ ਨਾਲ ਆਰੀਆ ਸਮਾਜ ਦੇ ਆਗੂ ਦਿਯਾ ਨੰਦ ਨੂੰ ਕਈ ਵਾਰ ਮਿਲੇ , ਪਰ ਜਦੋਂ ਉਨ੍ਹਾਂ ਆਰੀਆ ਸਮਾਜੀ ਆਗੂ ਅੰਦਰ ਰੱਬੀ ਸਿਧਾਂਤ ਬਾਰੇ ਗ਼ਲਤ ਸੋਚ, ਹਿੰਦੂਤਵ ਦੀ ਕੱਟੜਤਾ, ਸ਼ੁੱਧੀ ਲਹਿਰ ਦਾ ਪਾਖੰਡ ਤੇ ਸਿੱਖਾਂ ਪ੍ਰਤੀ ਨਫ਼ਰਤ ਮਹਿਸੂਸ ਕੀਤੀ ਅਤੇ ਗੁਰੂਆਂ ਬਾਰੇ ਅਪਮਾਨਜਨਕ ਸ਼ਬਦਾਵਲੀ ਸੁਣੀ, ਤਾਂ ਗਿਆਨੀ ਦਿੱਤ ਸਿੰਘ ਨੇ ਨਾ ਸਿਰਫ਼ ਆਰੀਆ ਸਮਾਜ ਦੀ ਨਿਖੇਧੀ ਹੀ ਕੀਤੀ, ਬਲਕਿ ਦਿਯਾ ਨੰਦ ਦੀ ਅਸਲੀਅਤ ਨੂੰ ਜੱਗ ਜ਼ਾਹਰ ਕਰਦਿਆਂ, ਸਿੱਖ ਧਰਮ ਪ੍ਰਤੀ ਆਰੀਆ ਸਮਾਜੀਆਂ ਦੀ ਗ਼ਲਤ ਪਹੁੰਚ ਨੂੰ ਚੁਣੌਤੀ ਵੀ ਦਿੱਤੀ। ਇਨ੍ਹਾਂ ਸਮੂਹ ਪੱਖਾਂ ਬਾਰੇ ਗਿਆਨੀ ਦਿੱਤ ਸਿੰਘ ਨੇ 'ਮੇਰਾ ਤੇ ਸਾਧੂ ਦਿਯਾ ਨੰਦ ਦਾ ਸੰਬਾਦ' (1877) ਕਿਤਾਬ ਲਿਖੀ। ਗਿਆਨੀ ਦਿੱਤ ਸਿੰਘ ਨੇ ਆਰੀਆ ਸਮਾਜ ਦੇ ਆਗੂ ਦਿਯਾ ਨੰਦ ਨੂੰ ਵੱਖ- ਵੱਖ ਸੰਵਾਦਾਂ ਦੌਰਾਨ ਹਾਰ ਦਿੱਤੀ ਅਤੇ ਉਸ ਦੇ ਪਾਖੰਡ ਨੂੰ ਜੱਗ ਜ਼ਾਹਰ ਕੀਤਾ। ਕੁਝ ਵਿਦਵਾਨ ਗਿਆਨੀ ਦਿੱਤ ਸਿੰਘ ਨੂੰ ਮੁੱਢਲੇ ਜੀਵਨ ਵਿਚ ਆਰੀਆ ਸਮਾਜੀ ਵੀ ਦੱਸਦੇ ਹਨ, ਜੋ ਕਿ ਗ਼ਲਤ ਹੈ। ਗਿਆਨੀ ਦਿੱਤ ਸਿੰਘ ਕਦੇ ਵੀ ਆਰੀਆ ਸਮਾਜ ਵਿਚ ਸ਼ਾਮਲ ਨਹੀਂ ਸਨ ਹੋਏ। ਇੱਥੇ ਜ਼ਿਕਰਯੋਗ ਹੈ ਕਿ ਸਾਧੂ ਦਿਯਾ ਨੰਦ ਨੇ ਸਤਿਆਰਥ ਪ੍ਰਕਾਸ਼ ਵਿੱਚ ਅਪਮਾਨਿਤ ਸ਼ਬਦ ਲਿਖੇ ਸਨ;

'ਨਾਨਕ ਸ਼ਾਹ ਫਕੀਰ ਨੇ ਨਿਯਾ ਚਲਾਇਆ ਪੰਥ।
ਇਧਰ ਉਧਰ ਸੇ ਜੋੜ ਕਰ ਲਿਖ ਡਾਲਾ ਇੱਕ ਗ੍ਰੰਥ।'

ਅੱਜ ਸਿੰਘ ਸਭਾ ਲਹਿਰ ਦੀ ਸ਼ਤਾਬਦੀ ਅਤੇ ਗਿਆਨੀ ਜੀ ਦੀ ਯਾਦ ਮਨਾਉਂਦੇ ਹੋਏ, ਉਨ੍ਹਾਂ ਦੁਆਰਾ ਦਿਯਾ ਨੰਦ ਦੇ ਗੁਰੂ ਸਾਹਿਬ ਖਿਲਾਫ ਕੀਤੇ ਭੰਡੀ ਪ੍ਰਚਾਰ ਨੂੰ ਰੱਦ ਕਰਨ ਲਈ ਅਜਿਹੇ ਅਪਮਾਨਜਨਕ ਸ਼ਬਦ ਹਮੇਸ਼ਾ ਵਾਸਤੇ ਰੱਦ ਕੀਤੇ ਜਾਣ ਲਈ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ। ਸਾਧੂ ਦਿਯਾ ਨੰਦ ਨੇ ਗੁਰੂ ਨਾਨਕ ਦੇਵ ਜੀ ਸਬੰਧੀ ਜੋ ਸ਼ਬਦ 'ਸਤਿਆਰਥ ਪ੍ਰਕਾਸ਼' ਵਿੱਚ ਲਿਖੇ ਹਨ, ਉਨ੍ਹਾਂ ਨੂੰ ਸਮੁੱਚੀ ਸਿੱਖ ਕੌਮ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕਰਨ ਲਈ ਇੱਕਮੁੱਠ ਹੋਵੇ ਅਤੇ ਅਪਮਾਨਜਨਕ ਟਿੱਪਣੀਆਂ ਨੂੰ ਆਰੀਆ ਸਮਾਜ ਦੀ ਅਖੌਤੀ ਲਿਖਤ ਵਿੱਚੋਂ ਰੱਦ ਕੀਤਾ ਕੀਤਾ ਜਾਏ।

ਇਸ ਉੱਦਮ ਲਈ ਆਨਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਜਾਏ। ਲਿਖਤੀ ਰੂਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਖਤਾਂ ਦੇ ਜਥੇਦਾਰ ਸਾਹਿਬਾਨ ਅਤੇ ਹੋਰ ਸੰਸਥਾਵਾਂ ਤੋਂ ਵੀ ਜ਼ੋਰਦਾਰ ਕਦਮ ਉਠਾਉਣ ਦੀ ਮੰਗ ਕੀਤੀ ਜਾਵੇ, ਜੋ ਕਿ ਸੌੜੇ ਸਿਆਸੀ ਕਾਰਨਾਂ ਕਰਕੇ ਅਤੇ ਮਨੂੰਵਾਦੀ ਤੇ ਸਨਾਤਨੀ ਪ੍ਰਭਾਵ ਹੇਠ ਸਿੱਖ ਵਿਰੋਧੀ ਤਾਕਤਾਂ ਪ੍ਰਤੀ ਠੋਸ ਕਦਮ ਉਠਾਉਣ ਤੋਂ ਕੰਨੀ ਕਤਰਾਉਂਦੀਆਂ ਆ ਰਹੀਆਂ ਹਨ। ਅੱਜ ਡੇਢ ਸੌ ਸਾਲ ਬੀਤਣ ਮਗਰੋਂ ਇੱਕ ਵਾਰ ਫੇਰ ਸਿੰਘ ਸਭਾ ਲਹਿਰ ਪੁਨਰ ਸੁਰਜੀਤ ਕਰਨ ਅਤੇ ਸਿੱਖ ਵਿਰੋਧੀ ਤਾਕਤਾਂ ਖਿਲਾਫ਼ ਡਟਣ ਲਈ ਅਜਿਹੇ ਉੱਦਮ ਦੀ ਸਖ਼ਤ ਜ਼ਰੂਰਤ ਹੈ।

ਇਹ ਉਪਰਾਲਾ ਹੀ, ਕਲਮ ਦੇ ਧਨੀ ਅਤੇ ਸਿੰਘ ਸਭਾ ਲਹਿਰ ਦੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ ਨੂੰ ਯਾਦ ਕਰਦਿਆਂ, ਸੱਚੀ ਸ਼ਰਧਾਂਜਲੀ ਹੋਵੇਗੀ। ਆਓ, ਸਿੰਘ ਸਭਾ ਲਹਿਰ ਦੇ 150ਵੇਂ ਸਥਾਪਨਾ ਵਰ੍ਹੇ ਨੂੰ ਚੇਤਨਾ ਵਰ੍ਹੇ ਵਜੋਂ ਮਨਾਈਏ ਅਤੇ ਸਿੱਖ ਸਮਾਜ ਵਿਚ ਦਿਨੋ-ਦਿਨ ਵਿੱਚ ਵਧ ਰਹੇ ਜਾਤ- ਪਾਤ, ਪਾਖੰਡ, ਗੁਰੂ ਡੰਮ, ਭਗਵੇਂਕਰਨ, ਮਨੂੰਵਾਦ ਅਤੇ ਸਰਕਾਰਪ੍ਰਸਤੀ ਆਦਿ ਦੇ ਕੋਹੜ ਨੂੰ ਖਤਮ ਕਰਕੇ ਸਿੱਖ ਸਿਧਾਂਤ ਨੂੰ ਪ੍ਰਮੁੱਖਤਾ ਨਾਲ ਅਪਣਾਈਏ। ਇਹ ਸਾਡੀਆਂ ਸ਼ਤਾਬਦੀਆਂ ਮਨਾਉਣ ਦਾ ਸਹੀ ਮੰਤਵ ਹੋਣਾ ਚਾਹੀਦਾ ਹੈ।

***ਡਾ ਗੁਰਵਿੰਦਰ ਸਿੰਘ**
**- *ਕੋਆਰਡੀਨੇਟਰ, ਪੰਜਾਬੀ ਸਹਿਤ ਸਭਾ**
**ਮੁਢਲੀ -ਐਬਟਸਫੋਰਡ, ਬੀ ਸੀ ਕੈਨੇਡਾ**

GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਸਤੰਬਰ ਮਹੀਨੇ ਦੇ ਪ੍ਰੋਗਰਾਮ**



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ 2 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:
1. ਨਗਰ ਜਨੇਤਪੁਰ ਜ਼ਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ 2. ਭਾਈ ਅਮਰਜੀਤ ਸਿੰਘ ਪਰਿਵਾਰ ਵੱਲੋਂ
ਇਹ ਦੋਨੋਂ ਅਖੰਡਪਾਠ ਸਾਹਿਬ 9 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 11 ਸਤੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*10 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ 9.30 ਵਜੇ ਭਾਈ ਲਖਵਿੰਦਰ ਸਿੰਘ ਢਿੱਲੋਂ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਗੁਰੂਘਰ ਵਿਖੇ ਪਾਏ ਜਾਣਗੇ ਅਤੇ ਕੀਰਤਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*10 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਰਛਪਾਲ ਸਿੰਘ ਅਤੇ ਬੀਬੀ ਰੁਪਿੰਦਰ ਕੌਰ ਪਰਿਵਾਰ ਵੱਲੋਂ ਆਪਣੀ ਬੇਟੀ ਦੇ ਅਨੰਦਕਾਰਜ ਦੀ ਖੁਸ਼ੀ ਵਿਚ ਹੋਵੇਗੀ।
*10 ਸਤੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਰਬਜੀਤ ਸਿੰਘ ਪਰਿਵਾਰ ਵੱਲੋਂ ਬੱਚੇ ਮਹਿਤਾਬ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।
*11 ਸਤੰਬਰ ਦਿਨ ਐਤਵਾਰ ਸਵ. ਬੀਬੀ ਪ੍ਰਗਾਸ਼ ਕੌਰ ਢਡਵਾਲ ਦਾ ਸਵੇਰੇ 11 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਪਰਿਵਾਰ ਵੱਲੋਂ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ 1 ਵਜੇ ਅੰਤਮ ਅਰਦਾਸ ਹੋਵੇਗੀ।
*11 ਸਤੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਚਮਕੌਰ ਸਿੰਘ ਸੰਧੂ ਪਰਿਵਾਰ ਵੱਲੋਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ
2. ਬੀਬੀ ਰਾਜਦੀਪ ਕੌਰ ਪਰਿਵਾਰ ਵੱਲੋਂ ਬੱਚੀ ਈਵਾਨਾ ਕੌਰ ਧਾਲੀਵਾਲ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।
3. ਬੀਬੀ ਕਮਲਜੀਤ ਕੌਰ ਝੂਟੀ ਪਰਿਵਾਰ ਵੱਲੋ ਹੋਵੇਗੀ।
*12 ਸਤੰਬਰ ਦਿਨ ਸੋਮਵਾਰ ਨੂੰ ਸਵ. ਬੀਬੀ ਮਨਜੀਤ ਕੌਰ ਮੱਟੂ ਦਾ ਅੰਤਮ ਸਸਕਾਰ ਸਵੇਰੇ 10 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਪਰਿਵਾਰ ਵੱਲੋਂ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਸਵੇਰੇ 11.30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਪੰਜਾਬ ਦਾ ਪਾਣੀ ਖੋਹਣ ‘ਚ ਪੰਜ ਦਹਾਕਿਆਂ ਦੌਰਾਨ ਕਿਹੜੇ ਮੋੜ ਆਏ?

## ਪੰਜਾਬ ਦੇ ਨੌਜਵਾਨਾ ਦਾ ਖ਼ੂਨ ਪੀਣੀ ਐੱਸ.ਵਾਈ.ਐੱਲ ਨਹਿਰ ਦੇ ਵਿਵਾਦ ਵਿੱਚ ਸੁਪਰੀਮ ਕੋਰਟ ਦਾ ਦਖਲ

ਚੰਡੀਗੜ੍ਹ: (ਅਰਸ਼ਦੀਪ ਕੌਰ ਬੀਬੀਸੀ ਪੱਤਰਕਾਰ):-6 ਸਿੰਤਬਰ 2022 ਨੂੰ ਸੁਪਰੀਮ ਕੋਰਟ ਨੇ ਦੋਵਾਂ ਸੂਬਿਆਂ ਨੂੰ ਇੱਕ ਮਹੀਨੇ ਦੇ ਅੰਦਰ ਬੈਠਕ ਕਰਕੇ ਕੇ ਮਸਲਾ ਸੁਲਝਾਉਣ ਲਈ ਕਿਹਾ ਹੈ। ਦੋਵੇਂ ਸੂਬਿਆਂ 4 ਹਫ਼ਤਿਆਂ ਨੂੰ ਜਲ ਸਰੋਤ ਮੰਤਰਾਲੇ ਨਾਲ ਬੈਠਕ ਕਰਨ ਲਈ ਕਿਹਾ ਗਿਆ ਹੈ।ਬੀਬੀਸੀ ਸਹਿਯੋਗੀ ਸੁਚਿਤਰਾ ਮੋਹੰਤੀ ਦੀ ਰਿਪੋਰਟ ਮੁਤਾਬਕ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਜਲ ਸ਼ਕਤੀ ਮੰਤਰੀ ਵੱਲੋਂ ਬੁਲਾਈ ਗਈ ਮੀਟਿੰਗ ਵਿੱਚ ਗੱਲਬਾਤ ਕਰਨ ਅਤੇ ਮਤਭੇਦਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਵਿੱਚ ਇੱਕ ਪ੍ਰਕਿਰਿਆ ਬਣਾਉਣ ਲਈ ਕਿਹਾ ਹੈ।ਸੁਪਰੀਮ ਕੋਰਟ ਦੇ ਇਸ ਬੈਂਚ ਦੀ ਅਗਵਾਈ ਜਸਟਿਸ ਸੰਜੇ ਕਿਸ਼ਨ ਕੌਲ ਦੀ ਵੱਲੋਂ ਕੀਤੀ ਗਈ ਹੈ।ਜਸਟਿਸ ਕੌਲ ਨੇ ਕਿਹਾ ਕਿ ਪੰਜਾਬ ਵਿੱਚ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਕੁਦਰਤੀ ਸਰੋਤ ਸਾਂਝੇ ਕੀਤੇ ਜਾਣੇ ਹਨ ਅਤੇ ਮਾਮਲੇ ਦੀ ਅਗਲੀ ਸੁਣਵਾਈ 15 ਜਨਵਰੀ, 2023 ਨਿਰਧਾਰਿਤ ਕੀਤੀ ਹੈ।ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਅਟਾਰਨੀ ਜਨਰਲ (ਏਜੀ) ਕੇ ਕੇ ਵੇਣੂਗੋਪਾਲ ਨੇ ਸੁਪਰੀਮ ਕੋਰਟ ਦੇ ਬੈਂਚ ਨੂੰ ਦੱਸਿਆ ਕਿ ਯੂਨੀਅਨ ਆਫ਼ ਇੰਡੀਆ (ਯੂਓਆਈ) ਨੇ ਪਹਿਲਾਂ ਵੀ ਪੰਜਾਬ ਦੇ ਮੁੱਖ ਮੰਤਰੀ ਨੂੰ ਕਈ ਪੱਤਰ ਲਿਖੇ ਸਨ, ਪਰ ਇਸ ਦਾ ਕੋਈ ਜਵਾਬ ਨਹੀਂ ਮਿਲਿਆ।

ਪੰਜਾਬ ਦੇ ਨਵੇਂ ਮੁੱਖ ਮੰਤਰੀ ਨੂੰ ਅਪ੍ਰੈਲ ਵਿੱਚ ਇੱਕ ਪੱਤਰ ਲਿਖਿਆ ਗਿਆ ਸੀ ਅਤੇ ਉਨ੍ਹਾਂ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ।ਸੁਪਰੀਮ ਕੋਰਟ ਨੇ ਕੇਂਦਰ ਅਤੇ ਕਈ ਸੂਬਿਆਂ ਨੂੰ ਗੱਲਬਾਤ ਦੇ ਹੱਲ ਵਿੱਚ ਅਸਫ਼ਲ ਰਹਿਣ ਲਈ ਆੜੇ ਹੱਥੀਂ ਲਿਆ ਅਤੇ ਸਾਰੇ ਸਬੰਧਤ ਸੂਬਿਆਂ ਨੂੰ ਗੱਲਬਾਤ ਕਰਨ ਲਈ ਸਾਹਮਣੇ ਆਉਣ ਅਤੇ ਮੁੱਦੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਲਈ ਕਿਹਾ।

ਉਸਾਰੀ ਅਧੀਨ ਸਤਲੁਜ ਯਮੁਨਾ ਲਿੰਕ ਨਹਿਰ ਦਾ ਵਿਵਾਦ ਕਈ ਦਹਾਕਿਆਂ ਤੋਂ ਜਾਰੀ ਹੈ।ਇਸ ਨਹਿਰ ਦਾ ਮੰਤਵ ਭਾਖੜਾ ਡੈਮ ਦਾ ਪਾਣੀ ਹਰਿਆਣਾ ਦੀ ਯਮੁਨਾ ਨਦੀ ਤੱਕ ਪਹੁੰਚਾਉਣਾ ਸੀ।214 ਕਿਲੋਮੀਟਰ ਲੰਬੀ ਇਸ ਨਹਿਰ ਵਿੱਚੋਂ 122 ਕਿਲੋਮੀਟਰ ਨਹਿਰ ਦੀ ਉਸਾਰੀ ਪੰਜਾਬ ਦੇ ਜ਼ਿੰਮੇ ਸੀ ਅਤੇ 92 ਕਿਲੋਮੀਟਰ ਦੀ ਉਸਾਰੀ ਹਰਿਆਣਾ ਨੇ ਕਰਨੀ ਸੀ।

ਭਾਰਤ ਦੀ ਵੰਡ ਤੋਂ ਬਾਅਦ ਇੰਡਸ ਵਾਟਰ ਟਰੀਟੀ ਸਮਝੌਤੇ ਦੇ ਤਹਿਤ ਭਾਰਤ ਨੂੰ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵਰਤੋਂ ਦਾ ਹੱਕ ਮਿਲ ਗਿਆ ਸੀ।ਸੀਨੀਅਰ ਪੱਤਰਕਾਰ ਜਗਤਾਰ ਸਿੰਘ ਮੁਤਾਬਕ ਭਾਰਤ ਵੱਲੋਂ ਆਪਣੀ ਲੋੜ ਵਿਸ਼ਵ ਬੈਂਕ ਨੂੰ ਦੱਸੀ ਗਈ। ਦੇਸ਼ ਦੀ ਵੰਡ ਸਮੇਂ ਦਰਿਆਈ ਪਾਣੀਆਂ ਦੀ ਵੰਡ ਉਪਰ ਸਮਝੌਤਾ ਨਹੀਂ ਹੋਇਆ ਸੀ।

1955 ਵਿੱਚ ਰਾਵੀ ਅਤੇ ਬਿਆਸ ਨਦੀ ਵਿੱਚ 15.85 ਮਿਲੀਅਨ ਏਕੜ ਫੁੱਟ ਪਾਣੀ ਸੀ। ਕੇਂਦਰ ਨੇ ਰਾਵੀ ਦਾ 7.20 ਐੱਮ ਐਫ ਪਾਣੀ ਪੰਜਾਬ ਨੂੰ ਦਿੱਤਾ, 8 ਐੱਮ ਐਫ ਰਾਜਸਥਾਨ ਦੇ ਹਿੱਸੇ ਆਇਆ। 0.65 ਐੱਮ ਐਫ ਜੰਮੂ-ਕਸ਼ਮੀਰ ਨੂੰ ਮਿਲਿਆ।1966 ਵੱਚ ਹਰਿਆਣਾ ਦੇ ਬਣਨ ਤੋਂ ਪਹਿਲਾਂ 7.2 ਮਿਲੀਅਨ ਏਕੜ ਫੁੱਟ ਪੰਜਾਬ ਦੇ ਹਿੱਸੇ ਆਇਆ।ਹਰਿਆਣਾ ਬਣਨ ਤੋਂ ਬਾਅਦ ਇਸ ਨੇ ਵੀ 4.8 ਮਿਲੀਅਨ ਏਕੜ ਫੁੱਟ ਪਾਣੀ ਦੀ ਮੰਗ ਰੱਖੀ।

ਇਸ ਪਾਣੀ ਦੀ ਪੂਰੀ ਤਰ੍ਹਾਂ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਦਾ ਪ੍ਰਸਤਾਵ ਰੱਖਿਆ ਗਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸਦਾ ਵਿਰੋਧ ਕੀਤਾ ਗਿਆ।2022 ਵਿੱਚ ਦਿੱਲੀ ਅਤੇ ਪੰਜਾਬ ਵਿੱਚ ਉਸ ਪਾਰਟੀ ਦੀ ਸਰਕਾਰ ਹੈ, ਜਿਸ ਵੀ ਇਸ ਵਿਵਾਦ ਦੇ ਸ਼ੁਰੂਆਤ ਵੇਲੇ ਹੋਂਦ ਵੀ ਨਹੀਂ ਸੀ ਅਤੇ ਹੁਣ ਆਮ ਆਦਮੀ ਪਾਰਟੀ ਹਰਿਆਣਾ ਦੀ ਰਾਜਨੀਤੀ ਵਿੱਚ ਵੀ ਸਰਗਰਮ ਹੈ।

1976 ਦੇ ਦਹਾਕੇ ਵਿੱਚ ਐਮਰਜੈਂਸੀ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਦੋਵਾਂ ਸੂਬਿਆਂ ਨੂੰ 3.5-3.5 ਮਿਲੀਅਨ ਏਕੜ ਫੁੱਟ ਪਾਣੀ ਸਬੰਧੀ ਆਦੇਸ਼ ਜਾਰੀ ਕੀਤਾ ਗਿਆ। 0.2 ਮਿਲੀਅਨ ਏਕੜ ਫੁੱਟ ਦਿੱਲੀ ਦੇ ਹਿੱਸੇ ਵੀ ਗਿਆ।1978 ਵਿੱਚ ਪੰਜਾਬ ਸਰਕਾਰ ਵੱਲੋਂ ਜ਼ਮੀਨ ਐਕੁਆਇਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਬਾਅਦ ਵਿੱਚ ਸਰਕਾਰ ਵੱਲੋਂ ਤਕਰੀਬਨ 5300 ਏਕੜ ਜ਼ਮੀਨ ਐਕੁਆਇਰ ਕੀਤੀ ਗਈ।

1980- ਹਰਿਆਣਾ ਸਰਕਾਰ ਵੱਲੋਂ ਆਪਣੇ ਹਿੱਸੇ ਦੀ 92 ਕਿਲੋਮੀਟਰ ਲੰਮੀ ਨਹਿਰ ਸ਼ੁਰੂ ਕਰ ਲਈ ਗਈ।

1981- ਕੇਂਦਰ, ਪੰਜਾਬ ਅਤੇ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਸੀ। ਸੁਪਰੀਮ ਕੋਰਟ ਤੋਂ ਸੂਬਾ ਸਰਕਾਰਾਂ ਨੇ ਕੇਸ ਵਾਪਸ ਲੈ ਲਏ ਅਤੇ ਕੇਂਦਰ ਸਰਕਾਰ ਨੇ ਪੰਜਾਬ ਦਾ ਹਿੱਸਾ 3.5 ਮਿਲੀਅਨ ਏਕੜ ਫੁੱਟ ਤੋਂ ਵਧਾ ਕੇ 4.22 ਮਿਲੀਅਨ ਏਕੜ ਫੁੱਟ ਕਰ ਦਿੱਤਾ।

1982- ਅਪ੍ਰੈਲ ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਦਾ ਰਸਮੀ ਉਦਘਾਟਨ ਕੀਤਾ ਗਿਆ। ਇਹ ਸਮਾਗਮ ਪਟਿਆਲਾ ਦੇ ਕਪੂਰੀ ਪਿੰਡ ਵਿਖੇ ਹੋਇਆ ਸੀ।ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਅਤੇ ਕਪੂਰੀ ਵਿਖੇ ਮੋਰਚਾ ਲਗਾਇਆ ਗਿਆ।1982 ਵਿੱਚ ਵੀ ਵਿਰੋਧ ਤੋਂ ਬਾਅਦ ਕਈ ਜਗ੍ਹਾ ‘ਤੇ ਇਸ ਨੂੰ ਮਿੱਟੀ



ਨਾਲ ਭਰ ਦਿੱਤਾ ਗਿਆ ਸੀ।

1982 ਵਿੱਚ ਅਕਾਲੀ ਦਲ ਵੱਲੋਂ ਧਰਮ ਯੁੱਧ ਮੋਰਚਾ ਅੰਮ੍ਰਿਤਸਰ ਵਿਖੇ ਸ਼ੁਰੂ ਕੀਤਾ ਗਿਆ ਅਤੇ ਅਕਾਲੀ ਦਲ ਵੱਲੋਂ ਗ੍ਰਿਫ਼ਤਾਰੀਆਂ ਵੀ ਦਿੱਤੀਆਂ ਗਈਆਂ।ਵਿਰੋਧ ਦਾ ਸਿਲਸਿਲਾ ਕਪੂਰੀ ਤੋਂ ਅੰਮ੍ਰਿਤਸਰ ਅਤੇ ਫ਼ੇਰ ਦਿੱਲੀ ਤੱਕ ਪਹੁੰਚਿਆ ।

ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਪਾਣੀ ਦਾ ਜਾਇਜ਼ਾ ਲੈਣ ਲਈ ਨਵੇਂ ਟ੍ਰਿਬਿਊਨਲ ਦੇ ਸਹਿਮਤੀ ਸਮਝੌਤੇ ਉੱਤੇ ਦਸਤਖ਼ਤ ਕੀਤੇ ਗਏ।ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਪਾਣੀ ਦਾ ਜਾਇਜ਼ਾ ਲੈਣ ਲਈ ਨਵੇਂ ਟ੍ਰਿਬਿਊਨਲ ਦੇ ਸਹਿਮਤੀ ਸਮਝੌਤੇ ਉੱਤੇ ਦਸਤਖ਼ਤ ਕੀਤੇ ਗਏ।1985 ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਸਮਝੌਤਾ ਹੋਇਆ ਅਤੇ ਇੱਕ ਮੁੱਦਾ ਪਾਣੀਆਂ ਦਾ ਸੀ।ਇਸ ਸਮਝੌਤੇ ਤੋਂ ਤਕਰੀਬਨ ਇੱਕ ਮਹੀਨੇ ਬਾਅਦ ਹਰਚੰਦ ਸਿੰਘ ਲੌਂਗੋਵਾਲ ਦਾ



THE TRIBUNE, THURSDAY, APRIL 8, 1982 (5)

Heartiest Welcome
to the dynamic Leader
Shrimati Indira Gandhi
Prime Minister of India
on Thursday,
the 8th April, 1982 at 9 AM
at KAPOORI (PATIALA)
to lay the foundation of SYL Canal

Prem Gupta
Chairman

Gurdeep Singh Dhillon
Gurcharan Singh
Jasbir Singh, Advocate
Mani Lal Mehtab
Vice Chairmen

Balwant Singh Mohi
Tek Chand Garg
Surinder Kumar
Amrik Singh Chhina
General Secretaries

Narinder Kumar Modi
Finance Secretary

Surjit Singh—F.C. Bansal
Publicity Secretaries

ਖਾੜਕੂਆਂ ਵੱਲੋਂ ਕਤਲ ਕਰ ਦਿੱਤਾ ਗਿਆ।

1986- ਰਾਵੀ ਬਿਆਸ ਵਾਟਰ ਟ੍ਰਿਬਿਊਨਲ ਬਣਾਇਆ ਗਿਆ ਅਤੇ ਇਸ ਨੇ 1981 ਵਿੱਚ ਸਰਕਾਰਾਂ ਦੇ ਫੈਸਲੇ ਨੂੰ ਬਰਕਰਾਰ ਰੱਖਣ ਦੀ ਗੱਲ ਕੀਤੀ।ਇਸ ਟ੍ਰਿਬਿਊਨਲ ਨੇ ਪੰਜਾਬ ਅਤੇ ਹਰਿਆਣਾ ਦੇ ਹਿੱਸੇ ਨੂੰ ਵੀ ਵਧਾ ਦਿੱਤਾ।ਪੰਜਾਬ ਨੂੰ 5 ਮਿਲੀਅਨ ਏਕੜ ਫੁੱਟ ਅਤੇ ਹਰਿਆਣਾ ਕੋਲ 3.83 ਮਿਲੀਅਨ ਏਕੜ ਫੁੱਟ ਹਿੱਸਾ ਦਿੱਤਾ ਗਿਆ।1990- ਇਸ ਨਹਿਰ ਦੀ ਉਸਾਰੀ ਦੇ ਪ੍ਰਾਜੈਕਟ ਵਿੱਚ ਲੱਗੇ ਚੀਫ ਇੰਜਨੀਅਰ ਐੱਮਐੱਲ ਸੇਖੜੀ ਅਤੇ ਸੁਪਰਡੈਂਟ ਇੰਜਨੀਅਰ ਅਵਤਾਰ ਸਿੰਘ ਔਲਖ ਉਪਰ ਗੋਲੀਆਂ ਚਲਾਈਆਂ ਗਈਆਂ। ਦੋਹਾਂ ਦੀ ਮੌਤ ਹੋ ਗਈ।ਨਹਿਰ ਦੀ ਉਸਾਰੀ ਵਿੱਚ ਲੱਗੇ 35 ਮਜ਼ਦੂਰਾਂ ਦਾ ਫਤਹਿਗੜ੍ਹ ਸਾਹਿਬ ਵਿੱਚ ਕਤਲ ਕਰ ਦਿੱਤਾ ਗਿਆ।ਇਨ੍ਹਾਂ ਘਟਨਾਵਾਂ ਤੋਂ ਬਾਅਦ ਨਹਿਰ ਦੀ ਉਸਾਰੀ ਨੂੰ ਰੋਕ ਦਿੱਤਾ ਗਿਆ।

1996- ਹਰਿਆਣਾ ਸਰਕਾਰ ਵੱਲੋਂ ਇੱਕ ਵਾਰ ਫਿਰ ਨਹਿਰ ਦੀ ਉਸਾਰੀ ਲਈ ਸੁਪਰੀਮ ਕੋਰਟ ਦਾ ਰੁਖ ਕੀਤਾ ਗਿਆ।

2002- ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਇੱਕ ਸਾਲ ਦੇ ਅੰਦਰ ਅੰਦਰ ਨਹਿਰ ਦੀ ਉਸਾਰੀ ਨੂੰ ਮੁਕੰਮਲ ਕਰਨ ਦੇ ਆਦੇਸ਼ ਦਿੱਤੇ।ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਰਿਵੀਊ ਪਟੀਸ਼ਨ ਪਾਈ ਗਈ ਜਿਸ ਨੂੰ ਖਾਰਿਜ ਕਰ ਦਿੱਤਾ ਗਿਆ।

2003-ਪੰਜਾਬ ਸਰਕਾਰ ਵੱਲੋਂ ਇੱਕ ਵਾਰ ਫਿਰ ਸੁਪਰੀਮ ਕੋਰਟ ਦਾ ਰੁਖ਼ ਕੀਤਾ ਗਿਆ ਅਤੇ ਆਖਿਆ ਗਿਆ ਕਿ ਪੰਜਾਬ ਕੋਲ ਹੁਣ ਹਰਿਆਣਾ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ ਅਤੇ ਇਸ ਨਹਿਰ (ਬਾਕੀ ਸਫਾ ਬੀ22 ਤੇ)

**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
B.Sc., L.L.B (UBC)

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA VANCOUVER

(Est. 1982)

## 5TH ANNUAL SPORTS TOURNAMENT

Dedicated to

# 40TH ANNIVERSARY CELEBRATIONS

## Sunday September 11th, 2022 .....9:00AM - 8:00PM

## LEWARNE PARK

5485 Rumble St, (Corner of Macpherson St.)
Burnaby, BC V5J 2B7

**LANGAR WILL BE SERVED DURING THE EVENT**

**SEVADAR:** Satpal Chahal, Harvinder Lalli, Raj Bangar, Bimal Bains, Rajinder Chumber, Balbir Heer, Talwinder Mahey, Tinu Badhan, Gurdip Birdi











## EVENTS CONTACT LIST

**SOCCER:**
Gopal Lohia 778-862-4550, Harjinder Jassal 778-322-4120

**ATHLETICS**
Amrik Pour 604-722-4042, Surjit Bains 778-388-9046

**WEIGHTLIFTING:**
Sammy Toora 604-603-8011, Jasvir Singh 778-839-5438

**WRESTLING**
Dilbag Rai 604-836-8499, Navi Beesla 778-846-0083

**BASKET BALL**
Surinder Sandhu 778-788-0357, Harry Basra 604-842-1330

**VOLLEYBALL**
Parm Kainth 778-708-4236, Laddi Jassal 778-885-8115

**TUG OF WAR**
Harmesh Owan 778-929-4235, Nirmal Mall 778-228-7530

ਗੁਰੂ ਪਿਆਰੀ ਸਾਧ-ਸੰਗਤ ਜੀ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਵੱਲੋਂ 40ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਇਸ ਦੇ ਸੰਬੰਧ ਵਿਚ ਸਭਾ ਵੱਲੋਂ ਪੰਜਵਾਂ ਸਾਲਾਨਾ ਸਪੋਰਟਸ ਟੂਰਨਾਮੈਂਟ **(Men & Women) Burnaby South School 5485 Rumble Street** ਵਿਖੇ 11 ਸਤੰਬਰ, 2022 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤੱਕ ਵਾਲੀਬਾਲ, ਬਾਸਕਟਬਾਲ, ਸੌਕਰ, ਰੈਸਲਿੰਗ, ਵੇਟ ਲਿਫਟਿੰਗ, ਰੱਸਾ- ਕੱਸੀ ਅਤੇ ਦੌੜਾਂ ਦੇ ਮੁਕਾਬਲੇ ਹੋਣਗੇ।

**A sports tournament will be held on September 11, 2022 at Lewarne Park, located on the corner of Rumble and MacPherson Burnaby South School 5485 Rumble Street Burnaby.**

***Performances By: SimranKaur, Pawanjot Bhatia (Jamla), Vicky Moranwalia, Pamma Sunner & others***

**MAIN SPONSORS:**
Satnam Saroya, Shinda Aheer, Barjinder Bhatti, Ram Saroop Chandar, Ranjit Jhalli, Bittu Painter, Dharampal Kajal, Ved Kaler

**For More Information:**
Gopal Lohia 778-862-4550, Lamber Rao 604-649-3286
Rattan Paul 778-772-2101, Jaswinder (Titu)778-999-4930

President
BILL BASRA 604-725-4048
*Vice Presidents:*
*HUKAM CHAND 604-364-7890*
*2nd Vice Presidents:*
*PARMJIT S. KAINTH 604-773-9393*

General Secretary
GURMUKH SINGH SIDHU
778-898-6813
*Assistant Secretary:*
*ARONJIT LAGERI 778-251-2138*


Treasurer
HARBHAJAN LAL MAHEY
604-724-5333
*Assistant Treasurer:*
*RAJKUMAR BANGER 778-227-2459*

BOARD OF DIRECTORS:
*Harvinder Lalli, Santokh Ram Jassal, Parmjeet Saroya, Rajesh Kumar Toora, Surinder Kalsi, Balmukand Singh*

BOARD OF TRUSTEES
*Gurbaksh Singh Dhanda, Makhan Ram Chamba, Harjinder Singh Sahni, Shingara Ram Aujla, Sudarshan Kumar Ardhawa, Piara Singh Hira, Prem Nath Mall*

# CARE AFTER SUDDEN INJURIES

Qualicare®




## ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ।ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

### Care After Sudden Injuries

For clients recovering from motor vehicle accidents, competent and compliant Attendant Care Services is a must. At Qualicare, Attendant Care Services are offered under the direction of Care Experts who have extensive experience in their fields. Each Care Expert leads a team of certified, compassionate professionals.

When you partner with Qualicare, we promise to:

**MAKE A COMPLEX PROCESS SIMPLE**

With the Form 1 or care request in our hands, services can start as quickly as your client Needs them, often as soon as the same day. Plus, we'll proactively remind you when Extensions are coming due.

**MAINTAIN METICULOUS, SHIFT-BY-SHIFT RECORDS**

Our caregivers are highly trained in caring for clients who are rehabilitating from motor vehicle accidents and keep diligent, shift-by-shift records, so you're always proactively informed about how things are progressing.

**MANAGE CLIENT EXPECTATIONS**

Our team is available to answer your clients' calls 24/7, 365 days a year, so your time can be reserved for only the things that genuinely require your oversight.



**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**


2022-2023 Fall/ Winter
Weekly Youth Programs
GATKA CLASS
SUN 10AM & FRI 6PM
• LANGER HALL
• ALL AGES WELCOME
• CLASSES ON FRIDAY AT 6PM AND SUNDAY AT 10AM
YOUTH GURBANI SANTHIYA CLASS
SUNDAY 12PM TO 1PM
• DARBAR HALL #2
• AGES 8+
• MUST KNOW HOW TO READ GURBANI
• YOUNG ADULTS WELCOME
• SUNDAY AT 12PM
YOUTH DISCUSSION
SUNDAY 1:15PM TO 2PM
• DARBAR HALL #2
• AGES 10+
• VARIOUS TOPICS THAT ARE RELEVANT TO YOUTH
• SUNDAY AT 1:15PM
KIRTAN/TABLA CLASS
TUE, THUR & SUN 6PM
• DARBAR HALL #2
• ALL AGES WELCOME
• CLASSES ON TUESDAY, THURSDAY AND SUNDAY AT 6PM
ੳਅੲ
PUNJABI CLASSES:
MONDAY OR TUESDAY OR WEDNESDAY
AGE 6+ AT 6PM TO 8PM IN THE PUNJABI SCHOOL
TGIF
PRIZES
FRIDAY YOUTH AND FAMILY DARBAR
7:45PM MAIN DARBAR HALL IN ENGLISH AND PUNJABI WITH YOUTH SEVA AND PRIZES
FOR MORE INFORMATION ON ANY CLASSES: 604-537-8300
KHALSA DIWAN SOCIETY - GURDWARA SAHIB SUKH SAGAR
347 Wood Street, New Westminster, BC V3M 5K6
Gurdwara Sahib: 604-521-3111 • Office: 604-537-8300 • Fax: 604-521-4936
www.sukhsagar.ca
info@sukhsagar.ca
Gurdwara Sahib Sukh Sagar

# ਤਰਕਸ਼ੀਲ ਸਲਾਨਾ ਮੇਲਾ- 2022



## ਮੁੱਖ ਨਾਟਕ: ਧੰਨ ਲਿਖਾਰੀ ਨਾਨਕਾ

### ਪੇਸ਼ਕਾਰ: ਡਾ. ਸਾਹਿਬ ਸਿੰਘ

**ਸੱਭ ਨੂੰ ਖੁੱਲਾ ਸੱਦਾ!**
**ਐਂਟਰੀ ਮੁਫਤ ਹੈ!**

ਐਤਵਾਰ, ਸਤੰਬਰ 25, 2022
12:00 PM to 3:00 PM
ਤਾਜ ਪਾਰਕ, 8850, 132 ਸਟ੍ਰੀਟ, ਸਰੀ

ਨਾਟਕ: ਫ਼ੈਸਲਾ ਤੁਹਾਡੇ ਹੱਥ
ਪੇਸ਼ਕਾਰ: ਸਰਬਜੀਤ ਉੱਖਲਾ

**ਸੰਪਰਕ:**
**ਬਾਈ ਅਵਤਾਰ:** *604-728-7011*
**ਪਰਮਿੰਦਰ ਸਵੈਚ:***604-760-4794*
**ਸਾਧੂ ਸਿੰਘ ਗਿੱਲ:** *604-832-7086*
**ਨਿਰਮਲ ਕਿੰਗਰਾ :** *604-725-3530*
**ਜਗਰੂਪ ਧਾਲੀਵਾਲ:** *778-908-7785*

# ਗੁਰਜੋਤ ਸਿੰਘ ਰੰਧਾਵਾ ਅਤੇ ਸੁਮੀਤ ਜੈਸੀਕਾ ਸਿੱਧੂ ਦੇ ਅਨੰਦ ਕਾਰਜ਼ ਦੀਆਂ ਵਧਾਈਆਂ



**ਖੱਬਿਉਂ ਸੱਜੇ: ਸੁਮੀਤ ਦੇ ਚਾਚਾ ਜੀ ਜਸਬੀਰ ਸਿੰਘ ਸਿੱਧੂ, ਬਲਵੰਤ ਸਿੰਘ ਸੰਘੇੜਾ, ਗਿਆਨੀ ਗੁਰਜੋਤ ਸਿੰਘ ਅਤੇ ਸੁਮੀਤ ਦੇ ਪਿਤਾ ਜੀ ਸੋਹਣ ਸਿੰਘ ਸਿੱਧੂ**

ਰਿਚਮੰਡ(ਬਲਵੰਤ ਸਿੰਘ ਸੰਘੇੜਾ):-ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਵਿਖੇ ਅੱਜ ਕੱਲ ਵਿਆਹਾਂ ਦਾ ਕਾਫੀ ਜੋਰ ਹੈ।ਪਿਛਲੇ ਕੁਝ ਸਮੇਂ ਤੋਂ ਹਰ ਹਫਤੇ ਤਕਰੀਬਨ ਚਾਰ/ਪੰਜ ਵਿਆਹ ਹੁੰਦੇ ਹਨ। 2 ਸਤੰਬਰ ,ਦਿਨ ਸ਼ੁਕਰਵਾਰ ਸਵੇਰੇ ਗੁਰਜੋਤ ਸਿੰਘ ਰੰਧਾਵਾ ਅਤੇ ਸੁਮੀਤ ਜੈਸੀਕਾ ਸਿੱਧੂ ਦੇ ਵਿਆਹ ਦੀ ਰਸਮ ਗੁਰੂ ਘਰ ਵਿਖੇ ਬਹੁਤ ਪਿਆਰ ਅਤੇ ਸ਼ਰਧਾ ਨਾਲ ਨਿਭਾਈ ਗਈ।ਸਿੱਧੂ ਅਤੇ ਰੰਧਾਵਾ ਦੋਨੋ ਪਰਿਵਾਰ ਕਮਿਊਨਿਟੀ ਦੇ ਬਹੁਤ ਹੀ ਸਤਿਕਾਰ ਯੋਗ ਪਰਿਵਾਰ ਹਨ।ਗਿਆਨੀ ਨਵਨੀਤ ਸਿੰਘ ਦੇ ਜਥੇ ਅਤੇ ਗਿਆਨੀ ਗੁਰਜੋਤ ਸਿੰਘ ਹੁਰਾਂ ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਆਨੰਦ ਕਾਰਜ ਦੀ ਰਸਮ ਨੂੰ ਸੰਪੂਰਨ ਕੀਤਾ। ਦਲਜੀਤ ਸਿੰਘ ਰੰਧਾਵਾ ਨੇ ਬਹੁਤ ਹੀ ਸੁੰਦਰ ਸੇਹਰਾ ਪੜ੍ਹ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਸੰਗਤਾਂ ਨੇ ਬਹੁਤ ਹੀ ਸਵਾਦੀ ਲੰਗਰ ਦਾ ਆਨੰਦ ਮਾਣਿਆ।ਦੋਹਾਂ ਪਰਵਿਾਰਾਂ ਦੇ ਮੈਂਬਰਾਂ ਅਤੇ ਆਏ ਹੋਏ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨੇ ਵਿਆਹ ਦਾ ਪੂਰਾ ਆਨੰਦ ਮਾਣਿਆ ਅਤੇ ਗੁਰਜੋਤ ਅਤੇ ਸੁਮੀਤ ਨਾਲ ਫੋਟੋਆਂ ਭੀ ਖਿਚਵਾਈਆਂ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਦਾਸ (ਬਲਵੰਤ ਸਿੰਘ ਸੰਘੇੜਾ) ਨੇ ਗੁਰਜੋਤ,ਸੁਮੀਤਾ, ਰੰਧਾਵਾ ਪਰਿਵਾਰ ਅਤੇ ਸਿੱਧੂ ਪਰਿਵਾਰ ਨੂੰ ਵਧਾਈ ਦਿੱਤੀ । ਸਾਡੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਇਸ ਸੁਭਾਗ ਜੋੜੀ ਦੇ ਸਿਰ ਉਪਰ ਹਰ ਵੇਲੇ ਆਪਣਾ ਮਿਹਰ ਭਰਿਆ ਹੱਥ ਰੱਖੇ ਅਤੇ ਇਹਨਾਂ ਦਾ ਗਰਿਸਤੀ ਜੀਵਨ ਸਦਾ ਖੁਸ਼ੀਆਂ ਭਰਿਆ ਬਣਾਵੇ।

# ਫਰੀਮਾਂਟ ਹਸਪਤਾਲ ‘ਚ ਬਣੇਗਾ ਗੁਰੂ ਨਾਨਕ ਐਮਰਜੈਂਸੀ ਵਿਭਾਗ

ਸਾਨ ਫਰਾਂਸਿਸਕੋ -ਹਸਪਤਾਲ ‘ਮਾਰਕ ਟਵੇਨ ਮੈਡੀਕਲ ਸੈਂਟਰ ਫਰੀਮਾਂਟ’ ‘ਚ ਗੁਰੂ ਨਾਨਕ ਦੇਵ ਜੀ ਦੇ ਨਾਮ ‘ਤੇ ਐਮਰਜੈਂਸੀ ਵਿਭਾਗ ਦੀ ਸਥਾਪਨਾ ਹੋਣ ਜਾ ਰਹੀ ਰਹੀ ਹੈ।ਮਾਰਕ ਟਵੇਨ ਮੈਡੀਕਲ ਸੈਂਟਰ ਫਾਊਂਡੇਸ਼ਨ ਨੇ ਦੱਸਿਆ ਕਿ ਐਮਰਜੈਂਸੀ ਵਿਭਾਗ ਦਾ ਨਾਮ ‘ਗੁਰੂ ਨਾਨਕ ਐਮਰਜੈਂਸੀ ਵਿਭਾਗ’ ਰੱਖਿਆ ਜਾਵੇਗਾ । ਐੱਮ. ਟੀ.ਐੱਮ.ਸੀ. ਦੇ ਪ੍ਰਧਾਨ ਅਤੇ ਸੀ.ਈ.ਓ. ਡੱਗ ਆਰਚਰ ਨੇ ਦੱਸਿਆ ਕਿ ਹਾਲ ਹੀ ਦੇ ਸਾਲਾਂ ‘ਚ ਸਥਾਨਕ ਸਿੱਖ ਪਰਿਵਾਰਾਂ ਨਾਲ ਸਾਡੀਆਂ ਮੁਲਾਕਾਤਾਂ ਅਤੇ ਨਿੱਜੀ ਦੋਸਤੀ ਦੇ ਜ਼ਰੀਏ, ਅਸੀਂ ਸਮਝ ਗਏ ਹਾਂ ਕਿ ਸਿੱਖ ਧਰਮ ਦੀਆਂ ਸਿੱਖਿਆਵਾਂ ਮਨੁੱਖਤਾ ਦੀ ਸੇਵਾ ਦੀਆਂ ਕਦਰਾਂ-ਕੀਮਤਾਂ ਨਾਲ ਮੇਲ ਖਾਂਦੀਆਂ ਹਨ ਜੋ ਕੈਲਵੇਰਸ ਕਾਉਂਟੀ ‘ਚ ਰਵਾਇਤੀ ਜੀਵਨ ਨੂੰ ਪਰਿਭਾਸ਼ਿਤ ਕਰਦੀਆਂ ਹਨ

# ਕਾਕਾ ਆਰੀਅਨ ਸਿੰਘ ਦਿਉਲ ਨੂੰ ਮਿਲੀ ਨਵੀਂ ਜਿੰਦਗੀ ਪਰਿਵਾਰ ਵੱਲੋਂ ਕਮਿਊਨਟੀ ਦਾ ਧੰਨਵਾਦ



ਰਿਚਮੰਡ(ਬਲਵੰਤ ਸਿੰਘ ਸੰਘੇੜਾ):-ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਵਿਖੇ 1 ਸਤੰਬਰ, ਦਿਨ ਵੀਰਵਾਰ ਨੂੰ ਕਾਕਾ ਆਰੀਅਨ ਸਿੰਘ ਦਿਉਲ ,ਉਸਦੇ ਪਿਤਾ ਗਗਨਪਰੀਤ ਸਿੰਘ ਦਿਉਲ ਅਤੇ ਮਾਤਾ ਹਰਪਰੀਤ ਕੋਰ ਦਿਉਲ ਨਤਮਸਤਕ ਹੋਏ। ਉਹ ਇਕ ਪਰਿਵਾਰ ਦੇ ਵਿਆਹ ਦੇ ਸੱਦੇ ਉਪਰ ਗੁਰੂ ਘਰ ਆਏ ਸਨ। ਯਾਦ ਰਹੇ ਕਿ ਤਕਰੀਬਨ ਤਿੰਨ ਸਾਲ ਪਹਿਲਾਂ ਕਾਕਾ ਆਰੀਅਨ ਜਨਮ ਤੋਂ ਹੀ ਇਕ ਬਹੁਤ ਹੀ ਭਿਆਨਕ ਰੋਗ (ਐਸ. ਐਮ. ਏ .ਟਾਈਪ 1) ਦਾ ਸ਼ਿਕਾਰ ਹੋ ਗਿਆ ਸੀ।ਇਸ ਰੋਗ ਦਾ ਕੋਈ ਇਲਾਜ ਨਹੀਂ ਸੀ। ਕਾਫੀ ਕੋਸ਼ਿਸ਼ਾਂ ਨਾਲ ਅਮਰੀਕਾ ਵਿਚ ਖੋਜੀਆਂ ਨੇ ਇਸ ਰੋਗ ਦੇ ਇਲਾਜ ਲਈ ਇਕ ਬਹੁਤ ਹੀ ਖਾਸ ਦਵਾਈ ਦੀ ਖੋਜ ਕੀਤੀ। ਪਰ ਇਹ ਦਵਾਈ ਬਹੁਤ ਹੀ ਮਹਿੰਗੀ ਸੀ।ਇਸ ਸਿਲਸਿਲੇ ਵਿਚ ਮਾਇਕ ਸਹਾਇਤਾ ਲਈ ਦਿਉਲ ਪਰਿਵਾਰ ਨੇ ਆਪਣੇ ਮੀਡੀਏ ਅਤੇ ਕਮਿਊਨਿਟੀ ਨੂੰ ਅਪੀਲ ਕੀਤੀ ।ਸਾਡੀ ਕਮਿਊਨਿਟੀ ਨੇ ਆਰੀਅਨ ਦੀ ਮਦਦ ਲਈ ਦਿਲ ਖੋਹਲ ਕੇ ਦਾਨ ਦਿੱਤਾ। ਥੋਹੜੇ ਸਮੇਂ ਵਿਚ ਹੀ $3 ਮਿਲੀਅਨ ਤੋਂ ਭੀ ਜਿਆਦਾ ਮਾਇਆ ਇਕੱਠੀ ਹੋ ਗਈ ਜਿਸ ਨਾਲ ਆਰੀਅਨ ਦਾ ਇਲਾਜ ਸ਼ੁਰੂ ਹੋ ਗਿਆ। ਇਸ ਬੱਚੇ ਨੂੰ ਜਿੰਦਗੀ ਦਾ ਤੋਹਫਾ ਮਿਲ ਗਿਆ। ਹਾਲੇ ਭੀ ਆਰੀਅਨ ਦਾ ਇਲਾਜ ਚਲ ਰਿਹਾ ਹੈ।ਉਸ ਵੇਲੇ ਆਰੀਅਨ ਦੇ ਇਲਾਜ ਤੋਂ ਜੋ ਵਾਧੂ ਰਕਮ ਬਚੀ ਉਹ ਦਿਉਲ ਪਰਿਵਾਰ ਨੇ ਇਕ ਹੋਰ ਪੀੜਤ ਬੱਚੀ ਦੇ ਪਰਿਵਾਰ ਨੂੰ ਉਸ ਦੇ ਇਲਾਜ ਲਈ ਦੇ ਦਿੱਤੀ। ਇਹ ਉਹਨਾਂ ਦੀ ਬਹੁਤ ਫਰਾਖ ਦਿਲੀ ਸੀ। ਸਾਡੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਉਹ ਆਰੀਅਨ ਨੂੰ ਤੰਦਰੁਸਤੀ ਬਖਸ਼ੇ ਤਾਂ ਕਿ ਇਹ ਬੱਚਾ ਬਾਕੀ ਬੱਚਿਆਂ ਦੀ ਤਰ੍ਹਾਂ ਆਪਣੇ ਜੀਵਨ ਦਾ ਆਨੰਦ ਮਾਣ ਸਕੇ ।ਅੱਜ ਤੋਂ ਤਿੰਨ ਸਾਲ ਪਹਿਲਾਂ ਜਿਸ ਤਰ੍ਹਾਂ ਸਾਡੀ ਕਮਿਉਨਿਟੀ ਆਰੀਅਨ ਦੀ ਸਹਾਇਤਾ ਲਈ ਅੱਗੇ ਵੱਧ ਕੇ ਆਈ ਉਸ ਦੀ ਮਿਸਾਲ ਬਹੁਤ ਮੁਸ਼ਕਲ ਨਾਲ ਮਿਲਦੀ ਹੈ।ਯਾਦ ਰਹੇੈ ਕਿ ਉਸ ਵੇਲੇ ਗੁਰਦਵਾਰਾ ਨਾਨਕ ਨਿਵਾਸ,ਨੰਬਰ ਪੰਜ ਰੋਡ ਰਿਚਮੰਡ ਵਿਖੇ ਭੀ ' ਸਭ ਨੇ ਆਰੀਅਨ ਦੀ ਤੰਦਰੁਸਤੀ ਦੀ ਅਰਦਾਸ ਕੀਤੀ ਸੀ ਅਤੇ ਇਸ ਗੁਰੂ ਘਰ ਦੀ ਸੰਗਤ ਨੇ ਭੀ ਇਸ ਸ਼ੁਭ ਕਾਰਜ ਲਈ ਬਹੁਤ ਯੋਗਦਾਨ ਪਾਇਆ ਸੀ। ਆਰੀਅਨ ਦੇ ਮਾਤਾ ਅਤੇ ਪਿਤਾ ਸਭ ਧਾਰਮਕ ਅਸਥਾਨਾਂ, ਮੀਡੀਆ ਅਤੇ ਸਮੁੱਚੀ ਕਮਿਉਨਿਟੀ ਦਾ ਇਕ ਵਾਰ ਫੇਰ ਦਿਲੋਂ ਧੰਨਵਾਦ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਸਦਾ ਹੀ ਸਾਡੀ ਕਮਿਊਨਿਟੀ ਵਲੋਂ ਆਰੀਅਨ ਨੂੰ ਇਕ ਨਵਾਂ ਜੀਵਨ ਦੇਣ ਲਈ ਧੰਨਵਾਦੀ ਰਹਿਣਗੇ।


ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



ਜਗਰੂਪ ਢਿੱਲੋਂ ਐਂਡ ਪਾਰਟੀ

ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:

604.401.9335

604.379.9572

778.593.9335





ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)

ਨੂੰ ਫੋਨ ਕਰੋ: 604-518-3637

ਜਾਂ ਈਮੇਲ ਕਰੋ hssandhupcs@gmail.com





FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

604-579-0102



ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਮਿੱਠੀ ਯਾਦ ਵਿੱਚ
ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਸਰੀ, ਬੀ.ਸੀ. ਕਨੇਡਾ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ
ਅੰਮ੍ਰਿਤ-ਰਸ
ਕੀਰਤਨ ਦਰਬਾਰ
AMRIT-RAS KIRTAN DARBAR
4 ਸਤੰਬਰ ਤੋਂ 11 ਅਕਤੂਬਰ, 2022 ਤੱਕ
ਰੋਜ਼ਾਨਾ ਸ਼ਾਮ 7.00 ਤੋਂ ਰਾਤ 10.00 ਵਜੇ
ਗੁਰਦੁਆਰਾ ਦੂਖ ਨਿਵਾਰਨ ਸਾਹਿਬ
15255-68 ਐਵੀਨਿਊ, ਸਰੀ, ਬੀ. ਸੀ. ਵਿਖੇ ਕਰਵਾਇਆ ਜਾ ਰਿਹਾ ਹੈ।
ਅੰਮ੍ਰਿਤ ਸੰਚਾਰ
11 ਅਕਤੂਬਰ
ਮੰਗਲਵਾਰ
4 September to 11 October, 2022
Daily 7.00 pm to 10.00 pm
at Gurdwara Dukh Nivaran Sahib
15255-68 Avenue, Surrey B.C.
ਭਾਈ ਜੁਗਿੰਦਰ ਸਿੰਘ ਜੀ 'ਰਿਆੜ' (ਲੁਧਿਆਣੇ ਵਾਲੇ)
ਭਾਈ ਮਨਿੰਦਰ ਸਿੰਘ ਜੀ (ਸ੍ਰੀਨਗਰ ਵਾਲੇ)
ਭਾਈ ਗੁਰਕੀਰਤ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ)
106.9 FM
Sur Sagar Radio
All Programme Live Follow-Up on
Live on YouTube Channel
Gurdwara Dukh Nivaran Sahib, Surrey
& Bhai Joginder Singh Riar
For More Information :
604-594-5100
"ਭਾਈ ਸਾਹਿਬ"
ਗਿਆਨੀ ਪਿੰਦਰਪਾਲ ਸਿੰਘ ਜੀ
(ਲੁਧਿਆਣੇ ਵਾਲੇ)
4 ਸਤੰਬਰ ਤੋਂ 20 ਸਤੰਬਰ ਤੱਕ
ਉਚੇਚੇ ਤੌਰ ਤੇ ਪਹੁੰਚ ਰਹੇ ਹਨ।
Giani Narinder Singh 604-780-2573 www.dukhnivaran.ca
ਬੇਨਤੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਸਰੀ, ਬੀ.ਸੀ. ਕਨੇਡਾ।
Amrit
Sponsored By
SRI NABH KAMAL RAJA SAHIB SOCIETY
NEWTON INSURANCE
604-598-7777
NEW CONCEPT ACCOUNTING
604-518-6339
A & K DIESEL REPAIR LTD.
604-574-4266

# Home Improvement

## TOOR LANDSCAPING & FENCE

**RESIDENTIAL & COMMERCIAL**

• ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

• TAPPING & FINISHING
• TEXTURED CEILINGS
• KITCHEN-BATHROOM
• BOARDING
• STEEL STUD
• PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੇਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

**ਟੇਪਰਾਂ ਦੀ ਤੁਰੰਤ ਲੋੜ ਹੈ**

**ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ**

FOR BEST DEAL CALL : HARINDER SINGH DHALIWAL

**604.760.1732, 604.442-1571**

## ਸੰਦਲ ਰੈਨੋਵੇਸ਼ਨ

**Your's Complete Home Renovation**

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

**ਮੁਫਤ ਐਸਟੀਮੇਟ ਲਈ ਸੰਪਰਕ ਕਰੋ**

**ਭਿੰਦਰ : 604-725-6270**

## HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।



**Free Estimate** ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**


## DAWN RENOVATION

ਹਰ ਤਰ੍ਹਾਂ ਦੀ ਰੁਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Commercial & Residential

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਂਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

**ਟੋਪਲਾਈਨ ਪੇਂਟਿੰਗ** ਅਸੀਂ ਸਨਡੈਕ ਵੀ ਬਣਾਉਂਦੇ ਹਾਂ

**SPECIALIZING IN:**

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

•Doors
•Mouldings
•Fire Place
•Base Board
•Hardy Plank
•Wood Floor




**Sanjeev Dhir** **778.320.9413**

sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## SINGH RAJ

RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.

BUILDING
YOUR DREAM
CREATING REALTY




We Built Custom Homes

• New Residential • Framing
• Commercial Const. • Roof Trusses
• Licensed • Floor Trusses
• Bonded • Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate
ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ
Paul 778-823-1056
ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ
H0502

(ਸਫਾ ਬੀ13 ਦੀ ਬਾਕੀ)

ਦੀ ਉਸਾਰੀ ਨਾ ਕਰਵਾਈ ਜਾਵੇ।

2004-ਸੁਪਰੀਮ ਕੋਰਟ ਵੱਲੋ ਪੰਜਾਬ ਸਰਕਾਰ ਦੀ ਅਪੀਲ ਨੂੰ ਰੱਦ ਕੀਤਾ ਗਿਆ। ਕੇਂਦਰ ਸਰਕਾਰ ਨੂੰ ਇਸ ਨਹਿਰ ਨੂੰ ਪੂਰਾ ਕਰਨ ਦੀ ਹਿਦਾਇਤ ਦਿੱਤੀ ਗਈ।ਪੰਜਾਬ ਸਰਕਾਰ ਤੋਂ ਉਸਾਰੀ ਦਾ ਕੰਮ ਲੈ ਕੇ ਸੀਪੀਡਬਲਯੂਡੀ ਮਹਿਕਮੇ ਨੂੰ ਦੇਣ ਦੀ ਗੱਲ ਕੇਂਦਰ ਸਰਕਾਰ ਨੇ ਕੀਤੀ।ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਸੈਸ਼ਨ ਬੁਲਾ ਕੇ ਪੰਜਾਬ 'ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ' ਨੂੰ ਮਨਜ਼ੂਰੀ ਦਿੱਤੀ ਗਈ।2004 ਵਿੱਚ ਹੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਸੈਸ਼ਨ ਬੁਲਾ ਕੇ ਪੰਜਾਬ 'ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ' ਨੂੰ ਮਨਜ਼ੂਰੀ ਦਿੱਤੀ ਗਈ। ਇਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਨ।ਇਸ ਐਕਟ ਤਹਿਤ ਪੰਜਾਬ ਵੱਲੋਂ ਗੁਆਂਢੀ ਸੂਬਿਆਂ ਨਾਲ ਪਾਣੀ ਸਬੰਧੀ ਸਮਝੌਤਿਆਂ ਨੂੰ ਰੱਦ ਕੀਤਾ ਗਿਆ।

2004 ਵਿੱਚ ਹੀ ਇਸ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਨੂੰ ਭੇਜਿਆ ਗਿਆ।

2016- ਸੁਪਰੀਮ ਕੋਰਟ ਵੱਲੋਂ ਇਸ 'ਤੇ ਮੁੜ ਸੁਣਵਾਈ ਸ਼ੁਰੂ ਕੀਤੀ ਗਈ।ਇਸ ਸਮੇਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਬੰਧਨ ਦੀ ਸਰਕਾਰ ਸੀ ਅਤੇ ਸਰਬਸੰਮਤੀ ਨਾਲ ਮਾਰਚ 2016 ਵਿੱਚ 'ਪੰਜਾਬ ਸਤਲੁਜ ਯਮੁਨਾ ਲਿੰਕ ਕਨਾਲ ਲੈਂਡ ਬਿਲ' ਨੂੰ ਮਨਜ਼ੂਰੀ ਦੇ ਦਿੱਤੀ ਗਈ।

ਇਸ ਬਿੱਲ ਨੂੰ ਮਨਜ਼ੂਰੀ ਤੋਂ ਬਾਅਦ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਪੰਜਾਬ ਵਿੱਚ ਐਕੁਆਇਰ ਕੀਤੀ ਜ਼ਮੀਨ ਨੂੰ ਮਾਲਕਾਂ ਨੂੰ ਵਾਪਸ ਦੇਣ ਦੀ ਗੱਲ ਆਖੀ ਗਈ।ਤਕਰੀਬਨ 5300 ਏਕੜ ਜ਼ਮੀਨ ਨੂੰ ਐਕੁਆਇਰ ਕਰਨ ਦੀ ਸ਼ੁਰੂਆਤ ਜੋ 1977 ਵਿੱਚ ਹੋਈ ਸੀ, ਇਸ ਨੂੰ ਵਾਪਸ ਕਿਸਾਨਾਂ ਨੂੰ ਦੇਣ ਦੀ ਸ਼ੁਰੂਆਤ ਪੰਜਾਬ ਸਰਕਾਰ ਨੇ ਕੀਤੀ।ਅਕਾਲੀਆਂ ਅਤੇ ਕਾਗਰਸੀਆਂ ਨੇ ਇੱਕ ਦੂਜੇ ਤੋਂ ਮੋਹਰੀ ਹੋ ਕੇ ਨਹਿਰ ਨੂੰ ਪੂਰ ਦਿੱਤਾ।ਇਸ ਸੈਸ਼ਨ ਤੋਂ ਤਿੰਨ ਦਿਨ ਬਾਅਦ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਆਦੇਸ਼ ਦਿੱਤੇ ਕਿ ਨਹਿਰ ਦੀ ਉਸਾਰੀ ਦੀ ਜਗ੍ਹਾ ਨੂੰ ਜਿਉਂ ਦਾ ਤਿਉਂ ਰੱਖਿਆ ਜਾਵੇ।ਨਵੰਬਰ 2016 ਸੁਪਰੀਮ ਕੋਰਟ ਨੇ ਆਖਿਆ ਕਿ 2004 ਪੰਜਾਬ ਸਰਕਾਰ ਵੱਲੋਂ ਲਿਆਂਦਾ ਗਿਆ 'ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ' ਗੈਰਸੰਵਿਧਾਨਕ ਸੀ।ਉਧਰ ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਤੋਂ ਅਤੇ 42 ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਤੋਂ ਐਸਵਾਈਐਲ ਮੁੱਦੇ 'ਤੇ ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਅਸਤੀਫਾ ਦੇ ਦਿੱਤਾ।ਸਾਰੇ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਤੋਂ ਐਸਵਾਈਐਲ ਮੁੱਦੇ 'ਤੇ ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਅਸਤੀਫਾ ਦੇ ਦਿੱਤਾ।ਇਸੇ ਦੌਰਾਨ ਪਹਿਲੀ ਵਾਰ 2017 ਦੀਆਂ ਵਿਧਾਨ ਸਭਾ ਚੋਣਾਂ ਲੜਨ ਦੀ ਤਿਆਰੀ ਵਿੱਚ ਲੱਗੀ ਆਮ ਆਦਮੀ ਪਾਰਟੀ ਨੇ ਵੀ ਪਟਿਆਲਾ ਦੇ ਕਪੂਰੀ ਪਿੰਡ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ।ਪੰਜਾਬ ਦੀ ਰਾਜਨੀਤੀ ਵਿੱਚ ਨਵੀਂ ਆਈ ਇਸ ਪਾਰਟੀ ਨੇ ਵੀ ਆਪਣੇ ਆਪ ਨੂੰ ਪੰਜਾਬ ਦੇ ਪਾਣੀਆਂ ਦੇ ਮੁੱਦੇ ਉੱਪਰ ਪੰਜਾਬੀਆਂ ਦੇ ਹੱਕ ਵਿੱਚ ਖੜ੍ਹਨ ਦੀ ਗੱਲ ਆਖੀ।

2017- ਹਰਿਆਣਾ ਸਰਕਾਰ ਵੱਲੋਂ ਬਜਟ ਵਿੱਚ ਨਹਿਰ ਨਾਲ ਸਬੰਧਿਤ ਪ੍ਰਾਜੈਕਟ ਵਾਸਤੇ 100 ਕਰੋੜ ਰੁਪਏ ਰੱਖੇ ਗਏ। ਨਹਿਰ ਦੇ ਵਿਵਾਦ ਦੇ ਇਤਿਹਾਸ ਵਿੱਚ ਕਿਸੇ ਸੂਬਾ ਸਰਕਾਰ ਵੱਲੋਂ ਪਹਿਲੀ ਵਾਰ ਅਜਿਹਾ ਹੋਇਆ ਸੀ ।ਸੁਪਰੀਮ ਕੋਰਟ ਵੱਲੋਂ ਵੀ ਇਸੇ ਸਾਲ ਆਖਿਆ ਗਿਆ ਸੀ ਕਿ ਪੰਜਾਬ ਸਰਕਾਰ ਨੂੰ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਪਵੇਗੀ।ਇੰਡੀਅਨ ਨੈਸ਼ਨਲ ਲੋਕ ਦਲ ਵੱਲੋਂ ਨਹਿਰ ਦੀ ਉਸਾਰੀ ਲਈ ਪ੍ਰਦਰਸ਼ਨ ਕੀਤਾ ਗਿਆ ਜਿਸ ਤੋਂ ਬਾਅਦ ਅਭੈ ਚੌਟਾਲਾ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕੀਤਾ।

2020- ਸੁਪਰੀਮ ਕੋਰਟ ਵੱਲੋਂ ਆਖਿਆ ਕਿ ਪੰਜਾਬ ਸਰਕਾਰ,ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਤਿੰਨੋਂ ਮਿਲ ਕੇ ਇਸ ਮਸਲੇ ਦਾ ਹੱਲ ਕੱਢਣ।ਦਿੱਲੀ ਵਿਖੇ ਜਲ ਸ਼ਕਤੀ ਮੰਤਰਾਲੇ ਵਿੱਚ ਤਿੰਨਾਂ ਸਰਕਾਰਾਂ ਦੇ ਨੁਮਾਇੰਦਿਆਂ ਵੱਲੋਂ ਕਈ ਬੈਠਕਾਂ ਕੀਤੀਆਂ ਗਈਆਂ।ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਮਾਰਚ 2020 ਵਿੱਚ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਆਖਿਆ ਕਿ ਪੰਜਾਬ ਅਤੇ ਹਰਿਆਣਾ ਸਰਕਾਰ ਵਿੱਚ ਉਸਾਰੀ ਬਾਰੇ ਸਹਿਮਤੀ ਨਹੀਂ ਬਣ ਰਹੀ ਅਤੇ ਅਸੀਂ ਸੁਪਰੀਮ ਕੋਰਟ ਨੂੰ ਇਸ ਬਾਰੇ ਜਾਣਕਾਰੀ ਦੇ ਦਿੱਤੀ ਹੈ।ਅਗਸਤ 2020 ਵਿੱਚ ਵੀਡੀਓ ਕਾਨਫਰੰਸ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਦਰਮਿਆਨ ਇੱਕ ਹੋਰ ਬੈਠਕ ਹੋਈ।ਕੈਪਟਨ ਅਮਰਿੰਦਰ ਸਿੰਘ ਨੇ ਇਸ ਬੈਠਕ ਵਿੱਚ ਕੇਂਦਰ ਸਰਕਾਰ ਨੂੰ ਆਖਿਆ ਗਿਆ ਕਿ ਐੱਸਵਾਈਐੱਲ ਦੀ ਉਸਾਰੀ ਕੌਮੀ ਸੁਰੱਖਿਆ ਦਾ ਮੁੱਦਾ ਬਣ ਜਾਵੇਗੀ ਅਤੇ ਪੰਜਾਬ ਨੂੰ ਅੱਗ ਲੱਗ ਜਾਵੇਗੀ। ਇਸ ਦਾ ਅਸਰ ਹਰਿਆਣਾ ਅਤੇ ਰਾਜਸਥਾਨ ਨੂੰ ਭੁਗਤਨਾ ਪਵੇਗਾ।ਕੈਪਟਨ ਅਮਰਿੰਦਰ ਵੱਲੋਂ ਇੱਕ ਟ੍ਰਿਬਿਊਨਲ ਬਣਾਉਣ ਦੀ ਅਪੀਲ ਵੀ ਕੀਤੀ ਗਈ ਜਿਸ ਰਾਹੀਂ ਮੌਜੂਦਾ ਹਾਲਾਤਾਂ ਮੁਤਾਬਕ ਪਾਣੀ ਦਾ ਮੁਲਾਂਕਣ ਕੀਤਾ ਜਾਵੇ।

2021- ਨੀਤੀ ਆਯੋਗ ਦੀ ਬੈਠਕ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਿਲ ਸਨ, ਅੱਗੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸੂਬੇ ਵਿੱਚ ਸਰਕਾਰ ਦੀਆਂ ਉਪਲੱਬਧੀਆਂ ਦੱਸਦੇ ਹੋਏ ਐੱਸਵਾਈਐਲ ਦੀ ਗੱਲ ਵੀ ਕੀਤੀ।ਖੱਟਰ ਨੇ ਆਖਿਆ ਸੀ ਕਿ ਸੂਬੇ ਵਿੱਚ ਪਾਣੀ ਦੀ ਕਮੀ ਹੋ ਰਹੀ ਹੈ ਅਤੇ ਜੇਕਰ ਐੱਸਵਾਈਐੱਲ ਅਤੇ ਹਾਂਸੀ ਬੁਟਾਣਾ ਨਹਿਰ ਦਾ ਮੁੱਦਾ ਹੱਲ ਹੋ ਜਾਵੇ ਤਾਂ ਪਾਣੀ ਦੀ ਸਮੱਸਿਆ ਹੱਲ ਹੋ ਸਕਦੀ ਹੈ।

2022- ਪੰਜਾਬ ਵਿੱਚ ਪਹਿਲੀ ਵਾਰ ਸਰਕਾਰ ਬਣਾਉਣ ਵਾਲੀ ਆਮ ਆਦਮੀ ਪਾਰਟੀ ਨੂੰ ਵਿਰੋਧੀ ਰਾਜਨੀਤਿਕ ਦਲਾਂ ਨੇ ਐੱਸਵਾਈਐੱਲ ਦੇ ਮੁੱਦੇ 'ਤੇ ਆਪਣਾ ਪੱਖ ਰੱਖਣ ਦੀ ਗੱਲ ਕੀਤੀ।ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਗਿਆ ਸੀ ਕਿ ਹੁਣ ਪੰਜਾਬ ਅਤੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਇਸ ਮੁੱਦੇ ਨੂੰ ਹੱਲ ਕਰਨਾ ਚਾਹੀਦਾ ਹੈ।ਚੰਡੀਗੜ੍ਹ ਦੇ ਮੁੱਦੇ 'ਤੇ ਪੰਜਾਬ ਵੱਲੋਂ 1 ਅਪ੍ਰੈਲ 2022 ਨੂੰ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਤੋਂ ਬਾਅਦ ਹਰਿਆਣਾ ਵੱਲੋਂ 5 ਅਪ੍ਰੈਲ ਨੂੰ ਸੈਸ਼ਨ ਸੱਦਿਆ ਗਿਆ।ਸੈਸ਼ਨ ਵਿੱਚ ਚੰਡੀਗੜ੍ਹ ਦੇ ਨਾਲ-ਨਾਲ ਐੱਸਵਾਈਐਲ ਦਾ ਮੁੱਦਾ ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣਿਆ।19 ਅਪ੍ਰੈਲ ਨੂੰ ਹਰਿਆਣਾ ਤੋਂ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੇ ਆਖਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ ਹੈ ਅਤੇ 2024 ਵਿੱਚ ਹਰਿਆਣਾ ਵਿੱਚ ਨਵੀਂ ਸਰਕਾਰ ਆਵੇਗੀ। 2025 ਵਿੱਚ ਹਰਿਆਣਾ ਦੇ ਹਰ ਖੇਤ ਤੱਕ ਪਾਣੀ ਪਹੁੰਚੇਗਾ।ਉਨ੍ਹਾਂ ਨੇ ਕੁਰੂਕਸ਼ੇਤਰ ਵਿਖੇ ਐੱਸਵਾਈਐੱਲ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦੇ ਸਟੈਂਡ ਬਾਰੇ ਸਵਾਲ ਦੇ ਜਵਾਬ ਵਿੱਚ ਇਹ ਬਿਆਨ ਦਿੱਤਾ ਸੀ।ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ 'ਤੇ ਸਵਾਲ ਕੀਤੇ ਅਤੇ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਖਿਆ, "ਪੰਜਾਬ ਦੇ ਪਾਣੀਆਂ ਉੱਪਰ ਪੰਜਾਬ ਦਾ ਹੱਕ ਹੈ। ਪੰਜਾਬ ਦੀ ਇੱਕ ਬੂੰਦ ਵੀ ਦੂਜੇ ਸੂਬੇ ਵਿੱਚ ਨਹੀਂ ਜਾਵੇਗੀ।"ਸੀਨੀਅਰ ਪੱਤਰਕਾਰ ਜਗਤਾਰ ਸਿੰਘ ਆਖਦੇ ਹਨ ਕਿ ਹਰਿਆਣਾ ਅਤੇ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਵੱਖਰੇ ਵੱਖਰੇ ਸਟੈਂਡ ਰਹੇ ਹਨ।ਜਗਤਾਰ ਸਿੰਘ ਆਖਦੇ ਹਨ, "ਕਾਂਗਰਸ ਨੇ ਪੰਜਾਬ ਨਾਲ ਧੱਕਾ ਕੀਤਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਗੱਦਾਰੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਮੀਨ ਐਕੁਆਇਰ ਕਰਨ ਲਈ ਨੋਟਿਸ ਜਾਰੀ ਕੀਤੇ ਗਏ। ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ 1978 ਵਿਧਾਨ ਸਭਾ ਵਿੱਚ ਆਖਿਆ ਸੀ ਕਿ ਉਨ੍ਹਾਂ ਦੇ ਅਕਾਲੀ ਦਲ ਨਾਲ ਵਧੀਆ ਰਿਸ਼ਤੇ ਹਨ ਅਤੇ ਹੁਣ ਨਹਿਰ ਬਣੇਗੀ।"ਜਗਤਾਰ ਸਿੰਘ ਆਖਦੇ ਹਨ ਕਿ ਪੰਜਾਬ ਵਿੱਚ ਇਹ ਬਹੁਤ ਵੱਡਾ ਭਾਵਨਾਤਮਕ ਮੁੱਦਾ ਹੈ।ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਨਹਿਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਵਿੱਚ ਨਹਿਰ ਦੇ ਨਿਰਮਾਣ ਦਾ ਸਾਰਾ ਕੰਮ ਸ਼੍ਰੋਮਣੀ ਅਕਾਲੀ ਦਲ ਸਮੇਂ ਹੀ ਹੋਇਆ ਹੈ ਭਾਵੇਂ ਉਹ ਨੋਟੀਫਿਕੇਸ਼ਨ ਹੋਵੇ ਜਾਂ ਜ਼ਮੀਨ ਲੈਣੀ।ਇੱਕ ਸਮੇਂ ਇਹ ਵੀ ਤੈਅ ਹੋਇਆ ਸੀ ਕਿ ਜਿੱਥੇ ਪੰਜਾਬ ਦੀ ਇਹ ਨਹਿਰ ਹਰਿਆਣਾ ਵਿੱਚ ਦਾਖ਼ਲ ਹੁੰਦੀ ਹੈ ਉਥੇ ਪੰਜਾਬ ਅਤੇ ਹਰਿਆਣਾ ਵੱਲੋਂ ਸਮਾਗਮ ਕੀਤਾ ਜਾਵੇਗਾ। ਗੁਰਚਰਨ ਸਿੰਘ ਟੌਹੜਾ ਵੱਲੋਂ ਇਸਦਾ ਵਿਰੋਧ ਕੀਤਾ ਗਿਆ ਸੀ।ਇਸ ਦੇ ਹੱਲ ਬਾਰੇ ਉਹ ਆਖਦੇ ਹਨ ਕਿ ਇਹ ਸਾਰਾ ਮੁੱਦਾ ਕੇਵਲ 1.88 ਐਮਏਐਫ ਦਾ ਹੈ।3.5 ਐਮਏਐਫ ਪਾਣੀ ਬਾਰੇ ਐਗਰੀਮੈਂਟ ਸੀ ਅਤੇ 1.7 ਐਮਏਐਫ ਭਾਖੜਾ ਰਾਹੀਂ ਹਰਿਆਣਾ ਨੂੰ ਜਾ ਰਿਹਾ ਹੈ। 3.5 ਐਮਏਐਫ ਵਿੱਚੋਂ ਹੁਣ 1.8 ਐਮਏਐਫ ਦੀ ਜ਼ਰੂਰਤ ਹਰਿਆਣਾ ਨੂੰ ਹੈ।

ਆਧੁਨਿਕ ਹਾਰਵੈਸਟਿੰਗ ਤਕਨੀਕ ਰਾਹੀਂ ਇਸ ਦੀ ਪੂਰਤੀ ਕੀਤੀ ਜਾ ਸਕਦੀ ਹੈ ਅਤੇ ਨਹਿਰ ਦੀ ਲੋੜ ਹੀ ਨਹੀਂ।ਉਹ ਆਖਦੇ ਹਨ, "ਇਸ ਮੁੱਦੇ ਨੂੰ ਹੁਣ ਠੰਢੇ ਬਸਤੇ ਵਿੱਚ ਪਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਨਹਿਰ ਬਣਾਉਣ ਦੀ ਲੋੜ ਹੀ ਨਹੀਂ।" "ਇਸ ਮੁੱਦੇ 'ਤੇ ਪੰਜਾਬ ਵਿੱਚ ਬਹੁਤ ਖ਼ੂਨ ਡੁੱਲ੍ਹਿਆ ਹੈ ਅਤੇ ਪੰਜਾਬ ਨੂੰ ਦੁਬਾਰਾ ਉਨ੍ਹਾਂ ਹਾਲਾਤਾਂ ਵਿੱਚ ਝੋਕਣ ਦੀ ਲੋੜ ਨਹੀਂ ਹੈ। "ਇਸ ਮੁੱਦੇ 'ਤੇ ਜਵਾਬ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੇਣਾ ਚਾਹੀਦਾ ਹੈ ਤੇ ਅਰਵਿੰਦ ਕੇਜਰੀਵਾਲ ਨੂੰ ਵੀ ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਆਪਣਾ ਪੱਖ ਰੱਖਣਾ ਚਾਹੀਦਾ ਹੈ।

# ਨਿਤੀਸ਼ ਨੇ ਭਾਜਪਾ ਖਿਲਾਫ ਸਰਗਰਮੀ ਫੜੀ

ਪਟਨਾ: ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਮਣੀਪੁਰ ਦੇ ਪੰਜ ਜੇ ਡੀ (ਯੂ) ਵਿਧਾਇਕਾਂ ਦੇ ਭਾਜਪਾ ਵਿਚ ਸ਼ਾਮਲ ਹੋਣ ’ਤੇ ਸ਼ਨੀਵਾਰ ਸਖਤ ਗੁੱਸੇ ਦਾ ਇਜ਼ਹਾਰ ਕੀਤਾ। ਪਾਰਟੀ ਦਫਤਰ, ਜਿੱਥੇ ਪਾਰਟੀ ਦੀ ਕੌਮੀ ਮੀਟਿੰਗ ਚੱਲ ਰਹੀ ਹੈ, ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਭਾਜਪਾ ਦੀ ਹਰਕਤ ਦੀ ਸੰਵਿਧਾਨਕਤਾ ’ਤੇ ਕਿੰਤੂ ਕੀਤਾ। ਉਨ੍ਹਾ ਕਿਹਾ ਕਿ ਮਣੀਪੁਰ ਦੇ ਵਿਧਾਇਕਾਂ ਨੇ ਮੀਟਿੰਗ ਵਿਚ ਪੁੱਜਣ ਦੀ ਪੁਸ਼ਟੀ ਕੀਤੀ ਸੀ ਤੇ ਜੇ ਡੀ (ਯੂ) ਵੱਲੋਂ ਬਿਹਾਰ ’ਚ ਭਾਜਪਾ ਨਾਲ ਤੋੜ-ਵਿਛੋੜੇ ਦੇ ਫੈਸਲੇ ਦੀ ਵੀ ਹਮਾਇਤ ਕੀਤੀ ਸੀ। ਨਿਤੀਸ਼ ਨੇ ਕਿਹਾ-ਜਦੋਂ ਅਸੀਂ ਐੱਨ ਡੀ ਏ ਵਿਚ ਸੀ, ਭਾਜਪਾ ਨੇ ਸਾਡੇ ਵਿਧਾਇਕਾਂ ਨੂੰ ਕੁਝ ਨਹੀਂ ਦਿੱਤਾ ਤੇ ਜਦੋਂ ਐੱਨ ਡੀ ਏ ਛੱਡਿਆ ਤਾਂ ਦਲਬਦਲੀ ਕਰਵਾ ਲਈ। ਕੀ ਇਹ ਵਾਜਬ ਹੈ? ਕੀ ਇਹ ਸੰਵਿਧਾਨਕ-ਪਰਕ ਹੈ? ਭਾਜਪਾ ਹਰ ਕਿਤੇ ਇਹ ਕਰ ਰਹੀ ਹੈ। ਇਸ ਕਰਕੇ ਸਾਰੀਆਂ ਪਾਰਟੀਆਂ ਨੂੰ 2024 ਦੀਆਂ ਚੋਣਾਂ ਲਈ ਇਕੱਠੀਆਂ ਹੋ ਜਾਣਾ ਚਾਹੀਦਾ ਹੈ। ਕੁਝ ਦਿਨਾਂ ਵਿਚ ਦਿੱਲੀ ’ਚ ਵੱਡੇ ਆਗੂਆਂ ਨੂੰ ਮਿਲ ਕੇ ਆਪੋਜ਼ੀਸ਼ਨ ਏਕਤਾ ਬਾਰੇ ਗੱਲਬਾਤ ਕਰਨ ਦੀਆਂ ਰਿਪੋਰਟਾਂ ’ਤੇ ਨਿਤੀਸ਼ ਨੇ ਕਿਹਾ ਕਿ ਉਹ ਦਿੱਲੀ ਜਾ ਰਹੇ ਹਨ। ਉਨ੍ਹਾ ਕਿਹਾ ਕਿ ਜੇ ਆਪੋਜ਼ੀਸ਼ਨ ਪਾਰਟੀਆਂ ਇਕੱਠੀਆਂ ਹੁੰਦੀਆਂ ਹਨ ਤਾਂ ਲੋਕਾਂ ਦਾ ਫਤਵਾ ਬਹੁਤ ਚੰਗਾ ਹੋਵੇਗਾ।

JSW TRANSPORT LTD.
Canada & US Customs Bonded Carrier




Call for more information at 604-595-1555 or FAX:800-556-2026

Email:info@jswtransport.com

# ਸਿਹਤ ਸੰਬੰਧੀ



# (ਅਲ੍ਹੜ ਉਮਰ ਅਤੇ ਮਾਹਵਾਰੀ ਵਿਕਾਰ)

ਔਰਤਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਵਿੱਚ ਮਾਹਵਾਰੀ ਦਾ ਬਹੁਤ ਵੱਡਾ ਮਹੱਤਵ ਹੈ। ਇਹ ਪਰਕਿਰਿਆ 13-14 ਸਾਲ ਦੀ ਚੜ੍ਹਦੀ ਜਵਾਨੀ ਤੋਂ ਲੈ ਕੇ ਲਗਭਗ 40-50 ਸਾਲ ਦੀ ਅਧਖੜ੍ਹ ਉਮਰ ਤੱਕ ਚਲਦੀ ਹੈ।

ਅੱਜ ਦੀ ਰੁਝੇਂਵਿਆਂ ਭਰੀ ਅਤੇ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਵਿਚਰਦਿਆਂ ਬਹੁਤ ਸਾਰੀਆਂ ਔਰਤਾਂ ਨੂੰ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਮਾਹਵਾਰੀ ਸਬੰਧੀ ਵਿਕਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਚੜ੍ਹਦੀ ਜਵਾਨੀ ਸ਼ੁਰੂ ਹੋਣ ਤੋਂ ਪਹਿਲਾਂ ਸਰੀਰ ਵਿੱਚ ਹੋਣ ਵਾਲੇ ਹਾਰਮੋਨਲ ਬਦਲਾਵਾਂ ਬਾਰੇ ਬੱਚੀਆਂ ਨੂੰ ਇਸ ਸਬੰਧੀ ਜਾਣਕਾਰੀ ਦੇਣਾ ਬਹੁਤ ਜ਼ਰੂਰੀ ਹੈ। ਅੱਜ ਦੇ ਆਧੁਨਿਕ ਯੁਗ ਵਿੱਚ ਬਹੁਤ ਸਾਰੀ ਜਾਣਕਾਰੀ ਇੰਟਰਨੈੱਟ ਉੱਤੇ ਵੀ ਉਪਲਬਧ ਹੈ ਅਤੇ ਸਕੂਲਾਂ ਵਿੱਚ ਵੀ ਇਸ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਇਸ ਸਭ ਦੇ ਬਾਵਜੂਦ ਵੀ ਕਈ ਬੱਚੀਆਂ ਨੂੰ ਇਸ ਬਾਰੇ ਅਤੇ ਇਸ ਨਾਲ ਜੁੜੇ ਵਿਕਾਰਾਂ ਬਾਰੇ ਜਾਣਕਾਰੀ ਨਹੀਂ ਹੁੰਦੀ।

ਸਭ ਤੋਂ ਪਹਿਲਾਂ ਤਾਂ ਪਰਿਵਾਰਕ ਪੱਧਰ ਉੱਤੇ ਜਾਣਕਾਰੀ ਦੇਣ ਲਈ ਬੱਚੀ ਦੇ ਮਾਤਾ ਜੀ ਸਭ ਤੋਂ ਵੱਡੇ ਅਧਿਆਪਕ ਹੁੰਦੇ ਹਨ। ਜੇ ਇਸ ਕੁਦਰਤੀ ਪਰਕਿਰਿਆ ਨੂੰ ਸ਼ਰਮਨਾਕ ਘਟਨਾ ਸਮਝ ਕੇ ਬੱਚੀ ਨੂੰ ਇਸ ਬਾਰੇ ਨਾ ਦੱਸਿਆ ਜਾਵੇ ਤਾਂ ਉਸ ਨੂੰ ਇਸ ਅਵਸਥਾ ਵਿੱਚ ਪਹੁੰਚ ਕੇ ਕਈ ਮੁਸ਼ਕਲਾਂ ਦਾ ਸਾਮਹਣਾ ਕਰਨਾ ਪੈਂਦਾ ਹੈ। ਇਹ ਬੱਚੀ ਵਿੱਚ ਉਤਸਾਹ ਦੀ ਘਾਟ ਤਾਂ ਪੈਦਾ ਕਰਦਾ ਹੀ ਹੈ, ਨਾਲ ਹੀ ਉਹ ਉਦਾਸੀ ਅਤੇ ਹੀਣ ਭਾਵਨਾ ਦੀ ਸ਼ਿਕਾਰ ਵੀ ਹੋ ਜਾਂਦੀ ਹੈ।

ਪਹਿਲੀ ਮਾਹਵਾਰੀ ਕਦੋਂ ਸ਼ੁਰੂ ਹੁੰਦੀ ਹੈ, ਇਸ ਵਿੱਚ ਮੁਲਕਾਂ ਦੀਆਂ ਭੂਗੋਲਿਕ ਸਥਿਤੀਆਂ ਅਤੇ ਪਰਿਵਾਰ ਦੀਆਂ ਰਹਿਣ ਸਹਿਣ ਅਤੇ ਖਾਣ ਪੀਣ ਦੀਆਂ ਆਦਤਾਂ ਦੀ ਵੀ ਭੂਮਿਕਾ ਨਿਭਾਉਂਦੀਆਂ ਹੁੰਦੀ ਹੈ। ਮੰਨਿਆ ਜਾਂਦਾ ਹੈ ਕਿ ਗਰਮ ਮੁਲਕਾਂ ਵਿੱਚ ਰਹਿਣ ਵਾਲੀਆਂ ਕੁੜੀਆਂ ਵਿੱਚ ਇਹ ਪਰਕਿਰਿਆ ਛੇਤੀ ਸ਼ੁਰੂ ਹੋ ਜਾਂਦੀ ਹੈ।

ਹੇਠ ਲਿਖੇ ਸਰੀਰਕ ਵਿਕਾਰਾਂ ਦੇ ਹੋਣ ਕਾਰਨ ਚੜ੍ਹਦੀ ਜਵਾਨੀ ਵਿੱਚ ਮਾਨਸਿਕ ਪੱਧਰ ਉੱਤੇ ਵੀ ਬਦਲਾਵ ਆਉਂਦੇ ਹਨ:

- ਚਿੱਟਾ ਪਾਣੀ ਆਉਣਾ, ਸਮੇਂ ਤੋਂ ਪਹਿਲਾਂ ਮਾਹਵਾਰੀ ਦਾ ਆਉਣਾ
- ਮਾਹਵਾਰੀ ਹੋਣ ਵਿੱਚ ਦੇਰ
- ਮਾਹਵਾਰੀ ਵਿੱਚ ਬਹੁਤ ਦਰਦ, ਇੱਥੇ ਤੱਕ ਕਿ ਬੇਹੋਸ਼ ਵੀ ਹੋ ਜਾਣਾ
- ਮਾਹਵਾਰੀ ਵਿੱਚ ਦੰਦਲ ਪੈਣੀ
- ਛਾਤੀ ਵਿੱਚ ਲੁਮਪ ਬਣਨੇ
- ਦਿਲ ਦੀ ਧੜਕਣ ਵਧ ਜਾਣੀ
- ਮੂੰਹ ਉੱਤੇ ਕਿੱਲ ਅਤੇ ਛਾਈਆਂ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

- ਅੱਖਾਂ ਥੱਲੇ ਕਾਲੇ ਘੇਰੇ ਬਣਨੇ
- ਸਾਹ ਵਿੱਚ ਬਦਬੂ ਆਉਣੀ
- ਮਾਹਵਾਰੀ ਆਉਣ ਦੀ ਥਾਂ ਨਕਸੀਰ ਵਗਣੀ
- ਢਿੱਡ ਦਾ ਤਣ ਜਾਣਾ ਅਤੇ ਗੈਸ ਭਰਨੀ
- ਭੁੱਖ ਮਰ ਜਾਣੀ
- ਵਜ਼ਨ ਵਧ ਜਾਣਾ
- ਮਾਈਗ੍ਰੇਨ ਅਤੇ ਸਿਰ ਦਰਦ, ਵਾਲ ਝੜਨੇ
- ਨੌਂਹਾਂ ਦੀ ਸ਼ਕਲ ਵਿਗੜ ਜਾਣੀ, ਆਦਿ।

ਮਾਨਸਿਕ ਪੱਧਰ ਉੱਤੇ ਬਦਲਾਵ

ਉਪਰੋਕਤ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਲੱਛਣ ਹੋਣ 'ਤੇ ਮਾਨਸਿਕ ਪੱਧਰ ਉੱਤੇ ਆਉਣ ਵਾਲੇ ਬਦਲਾਵ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:

- ਉਦਾਸੀ
- ਦਿਮਾਗੀ ਕੰਮ ਕਰਨ ਨੂੰ ਮਨ ਨਾ ਕਰਨਾ
- ਪੜ੍ਹਨ ਵਿੱਚ ਰੂਚੀ ਘਟਣੀ
- ਸਰੀਰਕ ਕੰਮ ਕਰਨ ਨੂੰ ਮਨ ਨਾ ਕਰਨਾ
- ਝੱਲ ਖਿਲਾਰਨੀ
- ਚਿੜਚਿੜਾ ਸੁਭਾਅ
- ਕੁੱਝ ਵੀ ਚੰਗਾ ਨਾ ਲੱਗਣਾ
- ਆਪਣੇ ਸਰੀਰ ਨਾਲ ਵੀ ਘਿਰਣਾ ਕਰਨੀ
- ਇੰਨਾ ਸੁਖਮਚਿੱਤ ਹੋ ਜਾਣਾ ਕਿ ਰੋਣਾ ਹੀ ਆਈ ਜਾਵੇ
- ਗੀਤ ਸੰਗੀਤ ਵਿੱਚ ਰੂਚੀ ਨਾ ਹੋਣਾ, ਆਦਿ।

ਉਪਰੋਕਤ ਸਰੀਰਕ ਅਤੇ ਮਾਨਸਿਕ ਲੱਛਣ ਅਲ੍ਹੜ ਉਮਰ ਤੋਂ ਲੈ ਕੇ ਔਰਤ ਦੀ ਜ਼ਿੰਦਗੀ ਦੇ ਹਰ ਪੜਾਅ ਵਿੱਚ ਉਸ ਨੂੰ ਪਰੇਸ਼ਾਨ ਕਰ ਸਕਦੇ ਹਨ।

ਕਈ ਕੇਸਾਂ ਵਿੱਚ ਵਿਆਹ ਤੋਂ ਬਾਅਦ ਕਈ ਵਿਕਾਰ ਆਪਣੇ ਆਪ ਠੀਕ ਹੋ ਜਾਂਦੇ ਹਨ ਅਤੇ ਕਈਆਂ ਵਿੱਚ ਪ੍ਰੋਫ਼ੈਸ਼ਨਲ ਡਾਕਟਰੀ ਸੇਵਾਵਾਂ ਲੈਣੀਆਂ ਵੀ ਜ਼ਰੂਰੀ ਹੁੰਦੀਆਂ ਹਨ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਇਨ੍ਹਾਂ ਸਰੀਰਕ ਅਤੇ ਮਾਨਸਿਕ ਰੋਗਾਂ ਦੇ ਇਲਾਜ ਵਾਸਤੇ ਬਹੁਤ ਹੀ ਢੁਕਵੀਆਂ ਦਵਾਈਆਂ ਮੌਜੂਦ ਹਨ। ਹਰ ਇੱਕ ਪੀੜਤ ਕੇਸ ਨੂੰ ਵਖਰੇਵੇਂ ਨਾਲ ਵੇਖਦਿਆਂ ਵਿਸਥਾਰ ਪੂਰਬਕ ਹਿਸਟਰੀ ਲੈਣ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ।

ਅਜਿਹੀ ਚੋਣ ਕੀਤੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਉਪਰੰਤ ਸਾਰੀਆਂ ਅਲਾਮਤਾਂ ਠੀਕ ਹੁੰਦੀਆਂ ਹਨ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਜੇ ਇਸ ਤਰ੍ਹਾਂ ਦੇ ਕੇਸਾਂ ਵਿੱਚ ਇੱਕ ਤੋਂ ਵੱਧ ਤਕਲੀਫ਼ਾਂ ਹੋਣ ਤਾਂ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਸਾਰੀਆਂ ਅਲਾਮਤਾਂ ਨੂੰ ਪਰਖਦੇ ਹੋਏ ਇੱਕ ਢੁਕਵੀਂ ਦਵਾਈ ਦੀ ਚੋਣ ਕਰਦਾ ਹੈ - ਨਾ ਕਿ ਕਈ ਦਵਾਈਆਂ ਦੀ।







# ਚੁੰਨੀ

ਸਿੰਘ ਅਤੇ ਕੌਰ, ਪੱਗ ਅਤੇ ਚੁੰਨੀ ਇਸ ਨੂੰ ਤੁਸੀਂ ਪੰਜਾਬ ਦੇ ਕਲਚਰ ਨਾਲੋਂ ਵਖ ਕਰਕੇ ਨਹੀ ਦੇਖ ਸਕਦੇ ਕਿਉਂਕਿ ਇਹ ਕੇਵਲ ਇਕ ਸਭਿਆਚਾਰਕ ਵਖਰੇਵਾਂ ਹੀ ਨਹੀ ਬਲਕਿ ਇਸ ਪਿਛੇ ਗੁਰਾਂ ਦਾ ਫਲਸਫਾ ਵੀ ਖੜੋਤਾ ਹੈ ਅਤੇ ਉਸ ਤੋਂ ਬਾਅਦ ਇਕ ਪੂਰਾ ਇਤਿਹਾਸ। ਪਰ ਪੰਜਾਬ ਨੂੰ ਅਜ ਇਸ ਮਾਨਸਿਕ ਪੀੜਾ ਵਿਚੋਂ ਲੰਘਣਾ ਪੈ ਰਿਹਾ ਜਿਸ ਦੇ ਨਾ ਸਿਰ ਤੇ ਪਗ ਰਹੀ ਨਾ ਚੁੰਨੀ ਅਤੇ ਜਿਸ ਦਾ ਸਿੰਘ ਵੀ ਉਡ ਗਿਆ ਕੌਰ ਵੀ।ਚੁੰਨੀ ਜਦ ਪਹਿਲੀ ਵਾਰ ਸਿਰ ਤੋਂ ਖਿਸਕੀ ਤਾਂ ਘਰ ਦੇ ਨਿਆਣੇ ਹੀ ਮਾਣ ਨਾ ਸਨ ਜਿਹੜੇ ਭੈਣ ਦੇ ਵਡੇ ਹੋਣ ਦੇ ਬਾਵਜੂਦ ਰੋਕਣ ਅਤੇ ਟੋਕਣ ਦਾ ਹਕ ਰਖਦੇ ਸਨ ਕਿਉਂਕਿ ਓਨਾ ਪਿਛੇ ਵਡਿਆਂ ਦੀ ਸਹਿਮਤੀ ਹੁੰਦੀ ਸੀ।ਚੁੰਨੀ ਜਦ ਪਹਿਲਾਂ ਪਹਿਲਾਂ ਸਿਰ ਤੋਂ ਖਿਸਕਣ ਲਗੀ ਤਾਂ ਮੈਂ ਸੋਚਿਆ ਅਚਾਨਕ ਹੈ, ਹੋ ਜਾਂਦਾ ਕਦੇ ਇਓਂ। ਸਹਿਜੇ ਸਹਿਜੇ ਚੁੰਨੀ ਨੇ ਖਿਸਕਣ ਦਾ ਜਦ ਸਮਾ ਵਧਾਇਆ ਤਾਂ ਮੈਂ ਗਲ ਗੌਲੀ ਨਾ ਕਿ ਚਲੋ ਹੋ ਜਾਂਦਾ। ਖਿਸਕਦੀ ਖਿਸਕਦੀ ਚੁੰਨੀ ਆਖਰ ਗਲ ਵਿਚ ਆ ਪਈ ਤਾਂ ਮੈਂ ਤੜਫਿਆ ਪਰ ਔਰਤ ਨੇ ਕੋਈ ਨਾ ਜੀ ਜਮਾਨਾ ਬਦਲ ਰਿਹਾ ਕਹਿਕੇ ਚੁਪ ਕਰਾ ਦਿਤਾ। ਪਤਾ ਹੀ ਓਦੋਂ ਲਗਾ ਜਦ ਚੁੰਨੀ ਗਲ ਵਿਚੋਂ ਵੀ ਉਡ ਕੇ ਕਿਲੀ ਤੇ ਟੰਗ ਹੋ ਗਈ ਓਦੋਂ ਤੀਕ ਬੰਦਾ ਬਰਦਾਸ਼ਤ ਕਰਨਾ ਸਿਖ ਗਿਆ ਹੋਇਆ ਸੀ ਅਤੇ ਇਕ ਦਿਨ ਓਹ ਆਇਆ ਜਦ ਚੁੰਨੀ ਕਿਤੇ ਕਿੱਲੀ ਤੇ ਵੀ ਨਾ ਲਭੀ ਅਤੇ ਔਰਤ ਦੀ ਗੁੱਤ ਖੁੱਲ ਕੇ ਵਾਲ ਗਲ ਵਿਚ ਆ ਪਏ। ਤਾਂ ਗਲ ਹੁਣ ਇਥੇ ਤਕ ਹੀ ਥੋੜੋਂ ਰਹਿਣੀ ਸੀ ਕਿਉਂਕਿ ਗਲ ਤਾਂ ਹੁਣ ਟੇਸ਼ਨ ਛਡ ਚੁਕੀ ਹੋਈ ਸੀ ਅਤੇ ਲੰਘੀ ਇਸ ਗਲ ਨੇ ਕਪੜੇ ਵੀ ਪਾੜ ਮਾਰੇ। ਗਲ ਤੋਂ ਹੇਠਾਂ ਅਤੇ ਗੋਡਿਆਂ ਤੋਂ ਉਪਰ ਯਾਣੀ ਚੁੰਨੀ ਵੀ ਗਾਇਬ ਸੁਥਣ ਵੀ ਮਗਰੇ ਵਗਾਹ ਮਾਰੀ ਅਤੇ ਆਖਰੀ ਗਲ ਤਾਂ ਹੁਣ ਇਹ ਹੋਈ ਕਿ 'ਵਡੀ ਮਲ' ਮਾਰਦਿਆਂ ਪੰਜਾਬ 'ਮਿਸ ਯੂਨੀਵਰਸ' ਮੁਬਾਕਲਾ ਵੀ ਜਿਤ ਲਿਆਇਆ ਜਿਥੇ ਔਰਤ ਦੇ ਕਪੜੇ ਨਾ ਹੋਇਆਂ ਵਰਗੇ ਅਤੇ ਜਿਹੜੇ ਕਪੜੇ ਔਰਤ ਕਦੇ ਇਕਲੀ ਪਾਓਣ ਲਗੀ ਵੀ ਸ਼ਰਮ ਮੰਨਦੀ ਸੀ।ਪਰ ਸਭ ਤੋਂ ਹੈਰਾਨੀ ਓਦੋਂ ਹੋਈ ਜਦ ਗੁਰਾਂ ਦੇ ਫਲਸਫੇ ਘੋਟਣ ਵਾਲੇ ਵਡੇ ਵਡੇ ਮਹਾਂਰਥੀਆਂ ਵੀ ਮੁਬਾਰਕਾਂ ਦੇ ਟੋਕਰੇ ਢੇਰੀ ਕਰ ਮਾਰੇ ਅਤੇ ਵਧਾਈਆਂ ਦੀਆਂ ਸ਼ਹਿਬਰਾਂ ਲਾ ਛਡੀਆਂ ਅਤੇ ਇਸ ਨੰਗੀ ਨੁਮਾਇਸ਼ ਨੂੰ ਤਰੱਕੀ ਅਤੇ ਸਖਤ ਮਿਹਨਤ ਦਸਿਆ।ਜਦ ਸਿਹਾ ਲੰਘਿਆ ਤਾਂ ਕੁੱਤਿਆਂ ਦੀ ਧਾੜ ਲਈ ਆਓਂਦਾ ਸ਼ਿਕਾਰੀ ਕਹਿੰਦਾ ਜੱਟਾ ਲੰਘ ਲੈਣਦੇ ਸ਼ਿਕਾਰ ਮਗਰ ਲੂਣ ਮਸਾਲਾ ਤੈਨੂੰ ਵੀ ਵਖਾਊਂ। ਓਹ ਕਹਿੰਦਾ ਤੇਰੇ ਲੂਣ ਮਸਾਲੇ ਖਾਤਰ ਮੈਂ ਪਿਹਾ ਨਹੀ ਪਵਾਓਂਣ ਲਗਾ ਵਗ ਜਾਹ ਅਪਣੇ ਕੁਤੇ ਲੈ ਕੇ। ਗੱਲ ਨਾਲ ਤਾਂ ਉਦੋ ਨਜਿਠਿਆ ਜਾਣਾ ਸੀ ਜਦ ਸਿਹਾ ਲੰਘਿਆ ਪਰ ਜਦ ਮੈਂ ਸਿਹਾ ਹੀ ਲੰਘ ਜਾਣ ਦਿਤਾ ਪਿਹਾ ਤਾਂ ਪੈਣਾ ਹੀ ਸੀ ਅਤੇ ਹੁਣ ਪਿਹਾ ਹੀ ਦਿਸਦਾ ਕਣਕ ਤਾਂ ਮਿਧ ਗਏ ਸ਼ਿਕਾਰੀ ਯਾਣੀ ਗੱਲ ਤਾਂ ਚੁੰਨੀ ਲਥ ਕੇ ਗਲ ਪੈਣ ਤੋਂ ਸ਼ੁਰੂ ਹੋਈ ਸੀ।

ਕਲ ਬੜਾ ਪਿਆਰਾ ਮਿਤਰ ਮੇਰਾ ਇਕ ਫਾਰਮ ਵਿਚ ਆਇਆ ਓਹ ਇਕ ਗੁਰੂ ਘਰ ਨਾਲ ਸੰਬਧਤ ਹੈ ਅਤੇ ਜੋ ਉਸ ਨਿਆਣਿਆਂ ਦੀ ਖਾਸਕਰ ਪੰਜਾਬੋਂ ਆਈਆਂ ਕੁੜੀਆਂ ਦੀ ਹਾਲਤ ਦਸੀ ਤੋਬਾ ਕਰ ਜਾਣ ਵਰਗੀ ਅਤੇ ਜੀਹਨਾ ਦੀ ਗੁਰੂ ਘਰ ਵਲੋਂ ਇਕ ਸੁਲਝਿਆ ਪ੍ਰਚਾਰਕ ਕੌਂਸਲਿੰਗ ਕਰ ਰਿਹਾ। ਯਾਣੀ ਲਿਸ਼ਕਣ ਪੁਸ਼ਕ ਜੋ ਉਪਰੋਂ ਦਿਸ ਰਿਹਾ ਹੇਠਾਂ ਹੈ ਹੀ ਕਖ ਨਹੀ। ਲੂੰਡਾ ਕਰਕੇ ਜਾਂ ਵਾਲ ਗਲ ਵਿਚ ਪਾ ਕੇ ਔਰਤ ਉਪਰੋਂ ਤਾਂ ਚੁਲਬਲੀ ਜਿਹੀ ਦਿਸਣ ਲਗ ਗਈ ਪਰ ਅੰਦਰੋਂ ਭਾਂਡੇ ਖਾਲੀ ਖੜਕੀ ਜਾਂਦੇ, ਇਹ ਗਲ ਕੋਟਾਂ ਵਿਚ ਜਾ ਕੇ ਪਤਾ ਕਰੋ ਜਿਥੇ ਨਿਤ ਸਿਆਪੇ ਅਤੇ ਡਾਇਵੋਰਸ ਫਾਈਲਾਂ ਦੇ ਢੇਰ। ਗੋਰੀਆਂ ਤਰਾਂ ਨਿਆਣੇ ਕਿਤੇ ਔਰਤ ਕਿਤੇ, ਬੰਦਾ ਕਿਤੇ, ਮਾਂ ਪੇ ਕਿਤੇ। ਇਸ ਨੂੰ ਤੁਸੀਂ ਅੱਜ ਦੇ ਸਮੇ ਦੀ ਤਰਕੀ ਕਹਿੰਨੇ ਓਂ ਜਿਥੇ ਸਬਰ ਸੰਤੋਖ ਨਾ ਦੀ ਗਲ ਹੀ ਕੋਈ ਨਹੀ ਰਹੀ ਅਤੇ ਜੌਬ ਟੂਟਣ ਤੇ ਇਕ ਦੂਜੇ ਨੂੰ ਗੁਡ ਬਾਇ ਕਹਿਕੇ ਔਹ ਜਾਂਦੇ? ਯਾਦ ਰੱਖਣਾ ਲੀੜਾ ਕਪੜਾ ਬੰਦੇ ਦੀ ਮਾਨਸਿਕਤਾ ਤਹਿ ਕਰਦਾ ਅਤੇ ਲੀੜਾ ਕਪੜਾ ਤੁਹਾਡੀ ਮਾਨਸਿਕਤਾ ਨੂੰ ਭੜਕਾਉਣ ਵਿਚ ਅਵਸ਼ ਸਹਾਈ ਹੁੰਦਾ। ਚਾਰ ਘੰਟੇ ਸੀਸ਼ੇ ਅਗੇ ਖੜ ਕੇ ਆਈ ਔਰਤ ਖੁਦ ਨਾਲ ਕਿਥੇ ਇਕਮਿੱਕ ਹੋ ਲਊ ਅਤੇ ਸਹਿਜ, ਸਬਰ, ਸੰਤੋਖ ਕਿਥੇ ਜਿੰਦਗੀ ਵਿਚ ਉਤਰ ਜਾਊ ਧਿਆਨ ਤਾਂ ਸਾਰਾ ਇਥੇ ਫੋਕਸ ਕਿ ਕੌਣ ਦੇਖ ਰਿਹਾ ਕਿਵੇਂ ਦੇਖ ਰਿਹਾ ਪਰ ਜਦ ਕੋਈ ਲੰਡਰ ਸਚ ਹੀ ਦੇਖਦਾ ਤਾਂ ਰੌਲਾ ਕਾਹਦਾ ਦਿਖਣ ਖਾਤਰ ਹੀ ਤਾਂ ਚੁੰਨੀ ਲਾਹੀ ਸੀ ਮੈਂ ਹੁਣ ਦੇਖਣ ਦਿਓ। ਨਹੀ?

-ਗੁਰਦੇਵ ਸਿੰਘ ਸੱਧੇਵਾਲੀਆ

# ਕਿਸਾਨ ਆਗੂ ਰਾਕੇਸ਼ ਟਿਕੈਤ 'ਤੇ ਲਖੀਮਪੁਰ ਖੇੜੀ 'ਚ ਲੋਕਾਂ ਨੂੰ ਭੜਕਾਉਣ ਦਾ ਮਾਮਲਾ ਹੋਇਆ ਦਰਜ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਦਰ ਕੋਤਵਾਲੀ ਪੁਲਿਸ ਨੇ ਲਖੀਮਪੁਰ ਖੇੜੀ, ਯੂਪੀ ਵਿੱਚ ਕਿਸਾਨ ਆਗੂ ਰਾਕੇਸ਼ ਟਿਕੈਤ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਟਿਕੈਤ ਦੇ ਇਕ ਵਾਇਰਲ ਬਿਆਨ ਨੂੰ ਲੈ ਕੇ ਇੱਕ ਸਥਾਨਕ ਭਾਜਪਾ ਨੇਤਾ ਦੀਪਕ ਪੁਰੀ ਦੀ ਸ਼ਿਕਾਇਤ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ।

ਦੀਪਕ ਪੁਰੀ ਨੇ ਟਿਕੈਤ 'ਤੇ ਬਿਨਾਂ ਇਜਾਜ਼ਤ ਦੇ ਪ੍ਰਦਰਸ਼ਨ ਕਰਨ, ਨਫ਼ਰਤ ਫੈਲਾਉਣ ਅਤੇ ਚੈਨਲ 'ਤੇ ਬਿਆਨ ਦੇ ਕੇ ਲੋਕਾਂ ਨੂੰ ਭੜਕਾਉਣ ਦਾ ਦੋਸ਼ ਲਗਾਇਆ ਹੈ।

ਪੁਲੀਸ ਨੇ ਇਸ ਮਾਮਲੇ ਵਿੱਚ 12 ਦਿਨ ਪਹਿਲਾਂ ਹੀ ਕੇਸ ਦਰਜ ਕਰ ਲਿਆ ਸੀ, ਪਰ ਓਹ ਇਸ ਨੂੰ ਲੁਕੋਈ ਬੈਠੀ ਸੀ ਜਿਸ ਕਰਕੇ ਇਸ ਮਾਮਲੇ ਵਲ ਕਿਸੇ ਦਾ ਧਿਆਨ ਵੀ ਨਹੀਂ ਗਿਆ। ਭਾਜਪਾ ਨੇਤਾਵਾਂ ਵਲੋਂ ਇਹ ਜਾਣਕਾਰੀ ਵਾਇਰਲ ਕਰਣ ਤੋਂ ਬਾਅਦ ਮਾਮਲਾ ਸਾਹਮਣੇ ਆਇਆ ਹੈ।


ICBC Certified Driving School
B and H Driving School Inc.
Surrey BC
Driving Training 5, 7




Certified Instructor
Punjabi Speaking
Reasonable Rates
Car Available for Road Test
ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :
604-807-2296
2310

Rai Express Lines Ltd.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

The Grand Taj
THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special

# ਹਸਗੁੱਲੇ

ਡਾਕਟਰ (ਮਰੀਜ਼ ਨੂੰ), ''ਤੁਹਾਡੀ ਇਕ ਕਿਡਨੀ ਫੇਲ ਹੋ ਗਈ ਹੈ।'' ਮਰੀਜ਼ (ਬਹੁਤ ਰੋਂਦੇ ਹੋਏ ਬੋਲਿਆ), ''ਕਿੰਨੇ ਨੰਬਰਾਂ ਤੋਂ।''

*************

ਪਤੀ, ''ਤੇਰੇ ਵਿਆਹ ਤੋਂ ਪਹਿਲਾਂ ਕਿੰਨੇ ਬੁਆਏ ਫ੍ਰੈਂਡ ਸਨ?''ਇਸ 'ਤੇ ਪਤਨੀ ਚੁੱਪ ਰਹੀ।

ਪਤੀ, ''ਮੈਂ ਇਸ ਚੁੱਪ ਦਾ ਕੀ ਮਤਲਬ ਸਮਝਾਂ?''

ਪਤਨੀ, ''ਗਿਣ ਤਾਂ ਰਹੀ ਹਾਂ, ਰੌਲਾ ਕਿਉਂ ਪਾ ਰਹੇ ਹੋ।''

*************

ਕੁੰਭ ਦੇ ਮੇਲੇ ਵਿੱਚ ਇਕ ਆਦਮੀ ਪ੍ਰਾਰਥਨਾ ਕਰ ਰਿਹਾ ਸੀ; "ਰੱਬਾ! ਨਿਆਂ ਕਰ, ਨਿਆਂ! ਹਮੇਸ਼ਾ ਇਸ ਮੇਲੇ ਵਿੱਚ ਭਰਾ-ਭਰਾ, ਭੈਣ-ਭੈਣ ਹੀ ਕਿਉਂ ਵਿੱਛੜਦੇ ਹਨ? ਕਦੇ ਪਤੀ-ਪਤਨੀ 'ਤੇ ਵੀ ਟ੍ਰਾਈ ਕਰ।''

*************

ਕਮਲਾ, ''ਤੂੰ ਰੋਜ਼-ਰੋਜ਼ ਉਪਰ ਦੇਖ ਕੇ ਪੱਥਰ ਕਿਉਂ ਮਾਰਦਾ ਏਂ?''

ਰਮਨ, ''ਕਿਉਂਕਿ ਇਕ ਦਿਨ ਕਿਸੇ ਨੇ ਮੈਨੂੰ ਕਿਹਾ ਸੀ ਕਿ ਜੋੜੀ ਉਪਰੋਂ ਬਣ ਕੇ ਆਉਂਦੀ ਹੈ।''

*************

ਦੋ ਪੁਰਾਣੇ ਦੋਸਤ ਲੰਮੇ ਸਮੇਂ ਬਾਅਦ ਮਿਲੇ। ਇਕ ਦੂਜੇ ਦਾ ਹਾਲ ਪੁੱਛਣ 'ਤੇ ਪਤਾ ਲੱਗਾ ਕਿ ਦੋਵੇਂ ਹੁਣ ਵਿਆਹੁਤਾ ਹਨ।

ਇਕ ਨੇ ਦੂਜੇ ਨੂੰ ਉਤਸੁਕਤਾ ਨਾਲ ਪੁੱਛਿਆ, ''ਕਿਹੋ ਜਿਹੀ ਹੈ ਤੇਰੀ ਪਤਨੀ?''

ਦੂਜੇ ਨੇ ਜਵਾਬ ਦਿੱਤਾ, ''ਮੇਰੀ ਪਤਨੀ ਦਾ ਕੀ ਕਹਿਣਾ ਯਾਰ, ਉਹ ਤਾਂ ਸਵਰਗ ਦੀ ਅਪਸਰਾ ਹੈ।''

ਪਹਿਲਾ ਉਦਾਸ ਹੋ ਕੇ ਬੋਲਿਆ, ''ਖੁਸ਼ਕਿਸਮਤ ਏਂ ਭਰਾ, ਮੇਰੀ ਤਾਂ ਅਜੇ ਜ਼ਿੰਦਾ ਹੈ।''

*************

ਪਿਓ (ਪੁੱਤਰ ਨੂੰ), ''ਦੇਖ ਪੁੱਤਰਾ! ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ ਵਿੱਚ ਅੱਜ ਜਿੱਤੇਂਗਾ ਤਾਂ ਕੱਲ੍ਹ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ।''

ਪੁੱਤਰ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇਕ ਦਿਨ ਛੱਡ ਕੇ ਖੇਡਿਆ ਕਰਾਂਗਾ।''

*************

* ਜ਼ਰਦਾ ਲਾਉਣ ਵਾਲੇ ਧਿਆਨ ਦੇਣ *

ਪਤੀ ਬਹੁਤ ਉਦਾਸ ਜਿਹਾ ਘਰ ਮੁੜਿਆ ਪਤਨੀ: ਕੀ ਗੱਲ ਹੋ ਗਈ ਮੂੰਹ ਕਿਉਂ ਉਤਰਿਆ ਹੋਇਆ ਅੱਜ ?

ਪਤੀ: ਅੱਜ ਫੈਕਟਰੀ ਚ ਤਾਰਾਂ ਸ਼ਾਰਟ ਹੋਣ ਨਾਲ ਅੱਗ ਲਗ ਗਈ ਸਾਰੇ ਮਜ਼ਦੂਰ ਮਾਰੇ ਗਏ

ਪਤਨੀ: ਹਾਏ ਰੱਬਾ... ਫੇਰ ਤੁਸੀਂ ਕਿਵੇਂ ਬਚ ਗਏ?

ਪਤੀ :ਮੈਂ ਥੋੜ੍ਹੀ ਦੇਰ ਲਈ ਜ਼ਰਦਾ ਮਲਣ ਬਾਹਰ ਚਲਾ ਗਿਆ ਸੀ।

ਪਤਨੀ: ਚੱਲੋ ਸ਼ੁਕਰ ਆ ਰੱਬ ਦਾ .... ਤੁਹਾਡੀ ਜਾਨ ਬਚ ਗਈ

ਪਤੀ: ਮਾਲਕਾਂ ਨੇ ਮਰਨ ਵਾਲੇ ਦੇ ਪਰਿਵਾਰ ਨੂੰ 10 ਲੱਖ ਦੇਣ ਦਾ ਐਲਾਨ ਕੀਤਾ ਹੈ

ਪਤਨੀ(ਜਲਕੇ)- ਵੇ ਕੰਜਰਾ ਅੱਗ ਲਗ ਜਾਵੇ ਤੇਰੇ ਜ਼ਰਦੇ ਨੂੰ .....ਹਰਾਮਜ਼ਾਦੇ ਨੂੰ ਕਿੰਨੀ ਵਾਰ ਕਿਹਾ ਵੀ ਜ਼ਰਦਾ ਲਾਉਣਾ ਛੱਡਦੇ ..... ਗਏ ਨਾਂ 10 ਲੱਖ ਰੁਪਏ।

*************

ਅਖਬਾਰ ਪ੍ਰੈਸ ਨੂੰ ਭੇਜਣ ਦਾ ਸਮਾਂ ਹੋ ਗਿਆ ਸੀ ਪਰ ਕੁਝ ਥਾਂ ਬਚਦਾ ਸੀ, ਥਾਂ ਭਰਨ ਲਈ ਖਬਰ ਨਹੀਂ ਸੀ ਲੱਭ ਰਹੀ।

ਉਪ ਸੰਪਾਦਕ ਕੋਲੋਂ ਗੱਲ ਨਾ ਬਣੀ ਤਾਂ ਮੁੱਖ ਸੰਪਾਦਕ ਕੋਲ ਚਲਾ ਗਿਆ ਤੇ ਕਹਿੰਦਾ, ਮਾਲਕੋ ਹੁਣ ਕੀ ਕਰੀਏ?

ਮੁੱਖ ਸੰਪਾਦਕ ਹੰਢਿਆ ਸੀ, ਕਹਿੰਦਾ ਲਿਖੋ ਖਬਰ:

'ਖੰਨਾ ਲਾਗੇ ਜੀਟੀ ਰੋਡ ਉੱਤੇ ਖਾਲੀ ਪੀਪਿਆਂ ਦਾ ਭਰਿਆ ਇੱਕ ਟਰੱਕ ਜਾ ਰਿਹਾ ਸੀ! ਸੜਕ ਉੱਤੇ ਮੀਂਹ ਕਾਰਨ ਚਿਕੜ ਹੋਇਆ ਸੀ ਤੇ ਟਰੱਕ ਉਸ ਤੋਂ ਤਿਲਕ ਕੇ ਬੇਕਾਬੂ ਹੋ ਗਿਆ!'

ਉਪ ਸੰਪਾਦਕ ਨੇ ਕਾਹਲੀ ਨਾਲ ਪੁੱਛਿਆ: 'ਫੇਰ?'

ਮੁੱਖ ਸੰਪਾਦਕ ਨੇ ਕਿਹਾ: 'ਉਹ ਤਿਲਕਦਾ ਹੋਇਆ ਸੜਕ ਤੋਂ ਉੱਤਰ ਕੇ ਇੱਕ ਟਾਹਲੀ ਦੇ ਰੁੱਖ ਨਾਲ ਜਾ ਲੱਗਾ!'

ਉਪ ਸੰਪਾਦਕ ਨੇ ਹੋਰ ਕਾਹਲੀ ਨਾਲ ਪੁੱਛਿਆ: 'ਬੰਦੇ ਤਾਂ ਨਹੀਂ ਮਾਰੇ ਗਏ?'

ਜਵਾਬ ਮਿਲਿਆ: 'ਕੋਈ ਨਹੀਂ ਮਰਿਆ!'

ਅਗਲਾ ਸਵਾਲ ਕੀਤਾ ਗਿਆ: 'ਜ਼ਖਮੀ ਕਿੰਨੇ ਹੋਏ ਨੇ?'

ਮੁੱਖ ਸੰਪਾਦਕ ਨੇ ਕਿਹਾ: 'ਕੋਈ ਨਹੀਂ!'

ਉਪ ਸੰਪਾਦਕ ਫਿਰ ਪੁੱਛਦਾ: 'ਟਰੱਕ ਦਾ ਕਿੰਨਾ ਕੁ ਨੁਕਸਾਨ ਹੋਇਆ?'

ਅੱਗੋਂ ਮੁੱਖ ਸੰਪਾਦਕ ਕਹਿੰਦਾ: 'ਲਿਖ ਦਿਓ ਕਿ ਨੁਕਸਾਨ ਹੋਇਆ ਹੀ ਕੋਈ ਨਹੀਂ?'

ਖਿਝੇ ਪਏ ਉਪ ਸੰਪਾਦਕ ਨੇ ਅਗਲਾ ਸਵਾਲ ਕੀਤਾ: 'ਮਾਲਕੋ, ਨਾ ਕੋਈ ਮਰਿਆ, ਨਾ ਜ਼ਖਮੀ ਹੋਇਆ, ਨਾ ਟਰੱਕ ਦਾ ਨੁਕਸਾਨ ਹੋਇਆ, ਇਸ ਖਬਰ ਦਾ ਹੈਡਿੰਗ ਕੀ ਲਾਵਾਂਗੇ?'

ਮੁੱਖ ਸੰਪਾਦਕ ਨੇ ਕਿਹਾ: 'ਲਾ ਦਿਓ, .........ਜਾ ਕੋ ਰਾਖੇ ਸਾਈਂਆਂ, ਮਾਰ ਸਕੇ ਨਾ ਕੋਇ!'

*************

ਸ਼ਾਮ, ''ਤੁਹਾਡਾ ਸ਼ੌਕ ਕੀ ਹੈ?''

ਰਾਮਦੀਨ, ''ਘੋੜਸਵਾਰੀ।''

ਸ਼ਾਮ, ''ਪਿਛਲੀ ਵਾਰ ਘੋੜੇ 'ਤੇ ਕਦੋਂ ਬੈਠੇ ਸੀ?''

ਰਾਮਦੀਨ, ''ਲਗਭਗ ਚਾਰ ਸਾਲ ਪਹਿਲਾਂ ਆਪਣੇ ਵਿਆਹ ਮੌਕੇ।''

*************

ਪ੍ਰਿੰਸ ਰੇਲ ਗੱਡੀ ਦੀ ਟਿਕਟ ਲੈ ਰਿਹਾ ਸੀ। ਉਹ ਬੁਕਿੰਗ ਕਲਰਕ ਨੂੰ ਪੁੱਛਣ ਲੱਗਾ, ''ਬੱਚਿਆਂ ਦੀ ਅੱਧੀ ਟਿਕਟ ਲੱਗਦੀ ਹੈ ਨਾ?''

ਕਲਰਕ, ''ਹਾਂ, ਜੇ 12 ਤੋਂ ਘੱਟ ਹੋਣ ਤਾਂ।''

ਪ੍ਰਿੰਸ, ''ਹਾਂ, ਮੇਰੇ ਤਾਂ ਅਜੇ ਪੰਜ ਹੀ ਹਨ।''

*************

ਅਧਿਆਪਕ, ''ਮੁਹੱਬਤ ਤੇ ਇਸ਼ਕ 'ਚ ਕੀ ਫਰਕ ਹੈ?''

ਵਿਦਿਆਰਥੀ, ''ਮੁਹੱਬਤ ਉਹ ਹੈ ਜੋ ਤੁਸੀਂ ਆਪਣੀ ਬੇਟੀ ਨੂੰ ਕਰਦੇ ਹੋ ਅਤੇ ਇਸ਼ਕ ਉਹ ਹੈ ਜੋ ਮੈਂ ਤੁਹਾਡੀ ਬੇਟੀ ਨੂੰ ਕਰਦਾ ਹਾਂ।''

*************

ਅਸ਼ੋਕ ਦਾ ਵਿਆਹ ਇਕ ਨਰਸ ਨਾਲ ਹੋ ਗਿਆ।

ਸੋਨੂੰ ਨੇ ਉਸ ਨੂੰ ਪੁੱਛਿਆ, ''ਹੋਰ ਸੁਣਾ ਬਣੀ, ਜ਼ਿੰਦਗੀ ਕਿਵੇਂ ਬੀਤ ਰਹੀ ਹੈ?''

ਅਸ਼ੋਕ, ''ਕੁਝ ਨਾ ਪੁੱਛ ਯਾਰ, ਜਦੋਂ ਤੱਕ ਸਿਸਟਰ ਨਾ ਕਹਾਂ, ਕਿਸੇ ਗੱਲ ਦਾ ਜਵਾਬ ਹੀ ਨਹੀਂ ਦਿੰਦੀ।''

*************

ਨੇਤਾ (ਪਤਨੀ ਨੂੰ), ''ਮੈਂ ਆਪਣਾ 50 ਕਰੋੜ ਦਾ ਬੀਮਾ ਕਰਵਾ ਲਿਆ ਹੈ।''

ਪਤਨੀ, ''ਇਹ ਤੁਸੀਂ ਚੰਗਾ ਕੀਤਾ। ਮੈਨੂੰ ਵਾਰਵਾਰ ਕਹਿਣਾ ਨਹੀਂ ਪਵੇਗਾ ਕਿ ਆਪਣਾ ਖਿਆਲ ਰੱਖਣਾ।''

*************

ਜਾਦੂਗਰ (ਸਿੰਗਲਾ ਨੂੰ), ''ਹੁਣ ਮੈਂ ਤੇਰੀ ਘਰ ਵਾਲੀ ਦੇ ਦੋ ਟੁਕੜੇ ਕਰ ਦਿਆਂਗਾ।''

ਸਿੰਗਲਾ, ''ਕੀ ਕਰਦਾ ਏਂ ਭਰਾ, ਇਕ ਸੰਭਾਲੀ ਨਹੀਂ ਜਾਂਦੀ, ਤੂੰ ਦੋ ਬਣਾਉਣ 'ਤੇ ਤੁਲਿਆ ਹੋਇਆ ਏਂ।''

*************

ਕੁੜੀ (ਪ੍ਰੇਮੀ ਨੂੰ), ''ਮੰਮੀ-ਪਾਪਾ ਨੇ ਕਿਹਾ ਹੈ ਕਿ ਜੇ ਪੇਪਰਾਂ 'ਚੋਂ ਫੇਲ ਹੋਈ ਤਾਂ ਵਿਆਹ ਕਰਵਾ ਦੇਵਾਂਗੇ।''

ਮੁੰਡਾ, ''ਤੂੰ ਤਿਆਰੀ ਕਰ ਲਈ?''

ਕੁੜੀ, ''ਬਸ ਰਿਸੈਪਸ਼ਨ ਦੀ ਡ੍ਰੈਸ ਖਰੀਦਣੀ ਬਾਕੀ ਹੈ।''

*************

ਨੇਤਾ ਪਤੀ ਦਾ ਆਪਣੀ ਪਤਨੀ ਨਾਲ ਜ਼ੋਰਦਾਰ ਝਗੜਾ ਹੋਇਆ ਅਤੇ ਉਹ ਗੁੱਸੇ ਵਿੱਚ ਉਸ ਨੂੰ ਕਹਿਣ ਲੱਗਾ, ''ਮੈਂ ਪਤੀ ਦੇ ਅਹੁਦੇ ਤੋਂ ਅਸਤੀਫਾ ਦਿੰਦਾ ਹਾਂ।''

ਪਤਨੀ, ''ਕਿਰਪਾ ਕਰਕੇ ਬਦਲਵਾਂ ਪ੍ਰਬੰਧ ਹੋਣ ਤੱਕ ਅਹੁਦੇ 'ਤੇ ਬਣੇ ਰਹੋ।''

*************

ਗਗਨ, ''ਤੂੰ ਕਾਰ ਦੀ ਸਪੀਡ ਇੰਨੀ ਕਿਉਂ ਵਧਾ ਦਿੱਤੀ?'' ਰਾਕੇਸ਼, ''ਕਾਰ ਦੀਆਂ ਬ੍ਰੇਕਾਂ ਫੇਰ ਹੋ ਗਈਆਂ ਹਨ। ਸੋਚ ਰਿਹਾ ਹਾਂ ਇਸ ਤੋਂ ਪਹਿਲਾਂ ਕਿ ਐਕਸੀਡੈਂਟ ਹੋਵੇ, ਅਸੀਂ ਘਰ ਪਹੁੰਚ ਜਾਈਏ।''

*************

ਮਾਂ (ਪੁੱਤਰ ਨੂੰ), ''ਉਠ ਜਾ ਕੰਬਖਤ, ਦੇਖ ਸੂਰਜ ਕਦੋਂ ਦਾ ਨਿਕਲ ਆਇਆ।''

ਪੁੱਤਰ, ''ਮੰਮੀ ਛੱਡੋ ਨਾ, ਸੂਰਜ ਸੌਂਦਾ ਵੀ ਤਾਂ ਮੇਰੇ ਤੋਂ ਕਾਫੀ ਪਹਿਲਾਂ ਹੈ।''

ਮਾਨਸਿਕ ਰੋਗਾਂ ਦੇ ਉਘੇ ਡਾਕਟਰ ਕੋਲ਼ ਇੱਕ ਵਾਰ ਉਸ ਦਾ ਇੱਕ ਕਰੀਬੀ ਮਿੱਤਰ ਆਇਆ ਤੇ ਆਪਣੀ ਸਮੱਸਿਆ ਦੱਸਦਿਆਂ ਕਹਿਣ ਲੱਗਾ ਕਿ ਡਾਕਟਰ ਸਾਬ ਮੈਨੂੰ ਰਾਤ ਨੂੰ ਵਹਿਮ ਹੋ ਜਾਂਦਾ ਹੈ ਕਿ ਮੇਰੇ ਬੈਡ ਹੇਠਾਂ ਕੋਈ ਬੰਦਾ ਵੜ ਗਿਆ ਹੈ। ਇਸੇ ਦਹਿਸ਼ਤ ਕਾਰਨ ਮੈਨੂੰ ਰਾਤ ਰਾਤ ਭਰ ਨੀਂਦ ਨਹੀਂ ਆਉਂਦੀ ਤੇ ਕਈ ਵਾਰ ਤਾਂ ਡਰਦਿਆਂ ਪਿਸ਼ਾਬ ਵੀ ਮੰਜੇ ਤੇ ਹੀ ਨਿਕ਼ਲ ਜਾਂਦਾ ਹੈ। ਡਾਕਟਰ ਕਾਫੀ ਚਿਤਾਤੁਰ ਜਿਹਾ ਹੋ ਕੇ ਦੱਸਣ ਲੱਗਾ ਕਿ ਤੂੰ ਤਾਂ ਬਹੁਤ ਗੰਭੀਰ ਦਿਮਾਗੀ ਰੋਗ ਦਾ ਸ਼ਿਕਾਰ ਹੋ ਗਿਆ ਹੈਂ ਤੇ ਜੇ ਇਸ ਦਾ ਜਲਦ ਇਲਾਜ ਨਾ ਕੀਤਾ ਗਿਆ ਤਾਂ ਨੌਬਤ ਪਾਗਲਖਾਨੇ ਭਰਤੀ ਹੋਣ ਤੱਕ ਪਹੁੰਚ ਸਕਦੀ ਹੈ। ਇਸ ਦੇ ਇਲਾਜ ਲਈ ਤੈਨੂੰ ਲਗਾਤਾਰ ਛੇ ਮਹੀਨੇ ਹਰ ਹਫਤੇ ਮੇਰੇ ਪਾਸ ਕੌਂਸਲਿੰਗ ਲਈ ਆਉਣਾ ਪਏਗਾ। ਮੇਰੀ ਇੱਕ ਸਿਟਿੰਗ ਦੀ ਫੀਸ ਦਸ ਹਜਾਰ ਹੈ ਪਰ ਕੋਈ ਨਹੀਂ, ਤੂੰ ਮਿੱਤਰ ਹੈਂ ਤੇਰੇ ਪਾਸੋਂ ਅੱਠ ਲੈ ਲਿਆ ਕਰਾਂਗਾ। ਪ੍ਰੰਤੂ ਢਿੱਲਾ ਨਾਂ ਪਈਂ ਤੇ ਸਵੇਰ ਤੋਂ ਹੀ ਆਪਣਾ ਇਲਾਜ ਸ਼ੁਰੂ ਕਰਵਾ ਲੈ।

ਦੋ ਕੁ ਮਹੀਨੇ ਬਾਅਦ ਅਚਾਨਕ ਹੀ ਉਹ ਬੰਦਾ ਡਾਕਟਰ ਨੂੰ ਬਾਜਾਰ ਵਿੱਚ ਟੱਕਰ ਗਿਆ। ਡਾਕਟਰ ਪੁੱਛਣ ਲੱਗਾ, "ਤੂੰ ਮੁੜਕੇ ਆਇਆ ਈ ਨਈਂ! ਮੈਂ ਤੇਰੇ ਲਈ ਦੋਸਤੀ ਨਾਤੇ ਬਹੁਤ ਮੱਥਾ ਮਾਰ ਮਾਰ ਕੇ ਨੋਟਸ ਤਿਆਰ ਕੀਤੇ ਸੀ।" ਅੱਗੋਂ ਬੰਦਾ ਆਖਣ ਲੱਗਾ, "ਆਉਣਾ ਕੀ ਸੀ, ਮੇਰੀ ਸਮੱਸਿਆ ਤਾਂ ਸਾਡੇ ਅਨਪੜ੍ਹ ਗਵਾਂਢੀ ਰੁ਼ਲਦੇ ਨੇ ਮਿੰਟ 'ਚ ਹੱਲ ਕਰਤੀ।" ਡਾਕਟਰ ਕਹਿੰਦਾ, "ਉਹ ਕਿਵੇਂ?" ਉਹ ਕਹਿੰਦਾ, "ਜਿਸ ਦਿਨ ਮੈਂ ਤੁਹਾਨੂੰ ਮਿ਼ਲ ਕੇ ਗਿਆ ਸੀ। ਸ਼ਾਮੀਂ ਗੱਲਾਂ-ਬਾਤਾਂ ਸਾਂਝਾ ਕਰਦਿਆਂ, ਸੰਗਦੇ ਸੰਗਦੇ ਨੇ ਜਦੋਂ ਰੁ਼ਲਦੇ ਨਾ਼ਲ ਆਪਣੀ ਬਿਮਾਰੀ ਸਾਂਝੀ ਕੀਤੀ ਤਾਂ ਰੁ਼ਲਦਾ ਕਹਿੰਦਾ, 'ਇਹ ਕਿਹੜੀ ਗੱਲ ਹੈ? ਤੂੰ ਅੱਜ ਤੋਂ ਬਾਅਦ ਆਪਣਾ ਗੱਦਾ ਫਰਸ਼ ਤੇ ਲਾ ਲੈ ਜਾਂ ਮੰਜੇ ਦੇ ਚਾਰੇ ਪਾਵੇ ਵੱਢ ਦੇ। ਫੇਰ ਬੰਦਾ ਹੇਠ ਕਿਵੇਂ ਵੜਜੂ?' ਡਾਕਟਰ ਸਾਹਬ, ਉਹ ਦਿਨ ਤੇ ਅੱਜ ਦਾ ਦਿਨ, ਵਹਿਮ-ਵੁਹਮ ਅਹੁ ਗਿਆ। ਸਾਰੀ ਰਾਤ ਰੱਜ ਕੇ ਘੁਰਾੜੇ ਮਾਰ ਸੌਈਂਦਾ ਹੈ।"



# ਪੰਜਾਬ ਦੀ ਭਗਵੰਤ ਮਾਨ ਸਰਕਾਰ ਲੋਕਾਂ ਦੀਆਂ ਆਸਾਂ ਤੇ ਖ਼ਰਾ ਉੱਤਰੇਗੀ–ਕੁਲਤਾਰ ਸਿੰਘ ਸੰਧਵਾਂ

## ਸਰੀ ‘ਚ ਹਰਮੀਤ ਸਿੰਘ ਖੁੱਡੀਆਂ ਦੇ ਗ੍ਰਹਿ ਵਿਖੇ ਪੰਜਾਬੀ ਭਾਈਚਾਰੇ ਨਾਲ ਕੀਤੀ ਮੁਲਾਕਾਤ

ਸਰੀ, ਕੈਨੇਡਾ (ਬਲਦੇਵ ਸਿੰਘ ਭੰਮ) ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਇਨ੍ਹੀਂ ਦਿਨੀਂ ਕੈਨੇਡਾ ਦੀ ਅਧਿਕਾਰਤ ਫੇਰੀ ‘ਤੇ ਹਨ। ਹੈਲੀਫੈਕਸ ਵਿਚ ਵਿਧਾਨ ਸਭਾ ਸਪੀਕਰਾਂ ਦੀ ਇਕ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਿਰਕਤ ਕਰਨ ਤੋਂ ਬਾਅਦ ਉਹ ਇਨ੍ਹੀਂ ਦਿਨੀਂ ਕੈਨੇਡਾ ਦੇ ਪੰਜਾਬੀ ਭਾਈਚਾਰੇ ਨੂੰ ਮਿਲ ਰਹੇ ਹਨ। ਟੋਰਾਂਟੋ, ਬਰੈਂਪਟਨ, ਐਡਮਿੰਟਨ, ਕੈਲਗਰੀ ਅਤੇ ਹੋਰਨਾਂ ਖਿੱਤਿਆਂ ਦੀ ਫੇਰੀ ਤੋਂ ਬਾਅਦ ਉਨ੍ਹਾਂ ਸਰੀ ਖੇਤਰ ਦੇ ਪੰਜਾਬੀ ਭਾਈਚਾਰੇ ਨਾਲ ਮੁਲਾਕਾਤ ਕਰਨ ਲਈ ਬੀਤੇ ਦਿਨ ਸਰੀ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਦੇ ਦਰਵੇਸ਼ ਸਿਆਸਤਦਾਨ ਮਰਹੂਮ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਫਰਜ਼ੰਦ ਅਤੇ ਲੰਬੀ ਵਿਧਾਨ ਸਭਾ ਹਲਕੇ ਤੋਂ ‘ਆਪ’ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਦੇ ਭਰਾਤਾ ਹਰਮੀਤ ਸਿੰਘ ਖੁੱਡੀਆਂ ਦੇ ਘਰ ਪੰਜਾਬੀ ਭਾਈਚਾਰੇ ਦੀਆਂ ਨਾਮਵਰ ਸਖਸ਼ੀਅਤਾਂ ਨਾਲ ਮੁਲਾਕਾਤ ਕੀਤੀ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਵਿੱਚ ਹੋਈ ਵੱਡੀ ਤਬਦੀਲੀ ਦਾ ਮੁੱਢ ਅਸਲ ਵਿੱਚ ਕੈਨੇਡਾ ਤੋਂ ਹੀ ਬੱਝਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਅੱਜ ਤੱਕ ਜੇਕਰ ਕੈਨੇਡੀਅਨ ਭਾਈਚਾਰੇ ਨੇ ਆਮ ਆਦਮੀ ਪਾਰਟੀ ਦੇ ਸਿਰ ਤੇ ਹੱਥ ਨਾ ਧਰਿਆ ਹੁੰਦਾ ਤਾਂ ਪੰਜਾਬ ਨੂੰ ਪਰਿਵਾਰਵਾਦ ਅਤੇ ਵਾਰੀ ਵੱਟੇ ਦੀ ਸਿਆਸਤ ਤੋਂ ਛੁਟਕਾਰਾ ਨਹੀਂ ਸੀ ਮਿਲ ਸਕਦਾ। ਉਨ੍ਹਾਂ ਅਪੀਲ ਕੀਤੀ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਨੂੰ ਆਪਣੀ ਕਾਰਗੁਜ਼ਾਰੀ ਵਿਖਾਉਣ ਲਈ ਕੁਝ ਸਮਾਂ ਜਰੂਰ ਦਿੱਤਾ ਜਾਵੇ ਕਿਉਂਕਿ ਸਾਢੇ ਸੱਤ ਦਹਾਕੇ ਤੋਂ ਵੱਧ ਦੇ ਸਮੇਂ ਦੌਰਾਨ ਰਵਾਇਤੀ ਸਿਆਸਤਦਾਨਾਂ ਵੱਲੋਂ ਵਿਗਾੜੇ ਨਿਜ਼ਾਮ ਨੂੰ ਸੁਧਾਰਨ ਲਈ ਕੁੱਝ ਸਮਾਂ ਲੱਗਣਾ ਸੁਭਾਵਿਕ ਹੈ। ਉਨ੍ਹਾਂ ਕਿਹਾ ਕਿ ਐੱਨ.ਆਰ.ਆਈ ਭਰਾਵਾਂ ਨੂੰ ਪੰਜਾਬ ਵਿੱਚ ਦਰਪੇਸ਼ ਸਮੱਸਿਆਵਾਂ ਦਾ ਹੱਲ ਕਰਨਾ ਭਗਵੰਤ ਮਾਨ ਸਰਕਾਰ ਦੀ ਸਭ ਤੋਂ ਵੱਡੀ ਪਹਿਲ ਹੈ। ਇਕ ਸਵਾਲ ਦੇ ਜਵਾਬ ਵਿੱਚ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਵਿੱਚ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਵਿਰੋਧੀ ਧਿਰ ਦੀ ਸਹੀ ਭੂਮਿਕਾ ਹੀ ਸਰਕਾਰ ਦੀ ਕਾਰਗੁਜ਼ਾਰੀ ‘ਤੇ ਕੁੰਡਾ ਰੱਖ ਸਕਦੀ ਹੈ ਜੋ ਲੋਕਤੰਤਰ ਵਿੱਚ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵਿਰੋਧੀ ਧਿਰ ਚਾਹੇ ਕਮਜ਼ੋਰ ਹੈ ਪਰ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਉਸ ਨੂੰ ਵਿਧਾਨ ਸਭਾ ਵਿੱਚ ਆਪਣੀ ਗੱਲ ਰੱਖਣ ਲਈ ਪੂਰਾ ਸਮਾਂ ਦਿੱਤਾ ਜਾ ਰਿਹਾ ਹੈ।



ਸੰਧਵਾਂ ਨੇ ਇਸ ਮੌਕੇ ਤੇ ਮੌਜੂਦ ਕੈਨੇਡੀਅਨ ਭਾਈਚਾਰੇ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਉਸ ਦੇ ਜਲਦ ਹੱਲ ਦਾ ਭਰੋਸਾ ਦੁਆਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰੀ ਤੋਂ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਬੀਸੀ ਦੇ ਸਾਬਕਾ ਮੰਤਰੀ ਡਾ. ਗੁਲਜ਼ਾਰ ਚੀਮਾ, ਰੇਡੀਓ ਇੰਡੀਆ ਦੇ ਮਾਲਕ/ ਸੰਚਾਲਕ ਮਨਿੰਦਰ ਸਿੰਘ ਗਿੱਲ, ਸਾਬਕਾ ਐਮ ਪੀ ਜਸਬੀਰ ਸਿੰਘ ਸੰਧੂ , ਨਿਮਰਤਾ ਸ਼ੇਰਗਿੱਲ, ਕੁਲਵੰਤ ਸਿੰਘ ਢੇਸੀ, ਪਰਮਜੀਤ ਸਿੰਘ ‘ਪ੍ਰਵਾਸੀ’, ਬੂਟਾ ਸਿੰਘ ਢਿੱਲੋਂ, ਕਰਤਾਰ ਸਿੰਘ ਢਿੱਲੋਂ, ਬਲਜਿੰਦਰ ਸਿੰਘ ਸੰਘਾ, ਮਨਜੀਤ ਸਿੰਘ ਮਾਂਗਟ, ਰਖਵੰਤ ਸਿੰਘ ਪੱਪੀ ਸੋਥਾ, ਮੋਹਨ ਗਿੱਲ, ਦਵਿੰਦਰ ਸਿੰਘ ਬੈਨੀਪਾਲ, ਗਿੱਲ ਰੌਂਤਾ, ਜਰਨੈਲ ਸਿੰਘ ਆਰਟਿਸਟ, ਗੁਰਬਾਜ ਸਿੰਘ ਬਰਾੜ, ਹੈਰੀ ਕੋਟਕਪੂਰਾ, ਜਗਦੀਪ ਸਿੰਘ ਗਿੱਲ, ਮਨਦੀਪ ਧਾਲੀਵਾਲ, ਅਵਤਾਰ ਸਿੰਘ ਬੁੱਕਣਵਾਲਾ, ਨਾਟੀ ਸਰਪੰਚ ਸਰਾਵਾਂ, ਗੁਰਬਿੰਦਰ ਪਰਹਾਰ, ਪਾਲ ਸਮਾਘ, ਗੁਰਜੀਤ ਮੱਲ੍ਹੀ, ਗੁਰਜੀਤ ਸਿੰਘ ਗਿੱਲ, ਮਨਮੀਤ ਸਿੰਘ ਖੁੱਡੀਆਂ, ਅਵਿਨਾਸ਼ ਭਾਟੀਆ, ਬਲਵਿੰਦਰ ਸਿੰਘ ਬਰਾੜ, ਰਣਜੀਤ ਸਿੰਘ ਸੋਹੀ, ਜਰਨੈਲ ਸਿੰਘ ਸੇਖਾ, ਲਵਲੀ ਬਠਿੰਡਾ, ਜਗਸੀਰ ਸਿੰਘ ਮਾਨਾਵਾਲਾ, ਗੁਰਪਿਆਰ ਸਿੰਘ ਬਰਾੜ, ਰਵੀ ਸੰਧੂ, ਸੁਰਿੰਦਰ ਸਿੰਘ ਬਲਿੰਗ, ਸੁਰਿੰਦਰ ਸਿੱਧੂ ਦਿਆਲਪੁਰਾ, ਹਰਪ੍ਰੀਤ ਧਾਲੀਵਾਲ, ਕੁਲਦੀਪ ਸਿੱਧੂ (ਖਾਲਸਾ ਕ੍ਰੈਡਿਟ), ਗੁਰਪਿੰਦਰ ਖੁੱਡੀਆਂ, ਕੁਲਵੰਤ ਸਿੰਘ ਬੱਲ ਅਤੇ ਬਲਬੀਰ ਸਿੰਘ ਭੁੱਲਰ ਵੀ ਮੌਜੂਦ ਸਨ।

# ਨਿਊਯਾਰਕ ਦੇ ਟਾਇਮਸ ਸਕੁਏਅਰ ਵਿਚ ਬੰਦੀ ਸਿੰਘਾਂ ਦੇ ਹੱਕ ਵਿਚ ਵਰਲਡ ਸਿੱਖ ਪਾਰਲੀਮੈਂਟ ਦੀ ਹਿਊਮਨ ਰਾਈਟਸ ਕਾਊਂਸਲ ਵੱਲੋਂ ਜ਼ੋਰਦਾਰ ਪ੍ਰਚਾਰ




ਸੈਕਰਾਮੈਂਟੋ:ਹੁਸਨ ਲੜੋਆ ਬੰਗਾ)ਵਰਲਡ ਸਿੱਖ ਪਾਰਲੀਮੈਂਟ ਦੀ ਹਿਊਮਨ ਰਾਈਟਸ ਕਾਉਂਸਿਲ ਵਲੋਂ ਟਾਇਮਜ ਸਕੁਏਅਰ ਵਿਖੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਹਵਾਰਾ ਸਮੇਤ ਸਮੂਹ ਬੰਦੀ ਸਿੰਘਾਂ ਦੇ ਹੱਕ ਵਿਚ ਵੱਡੇ ਪੋਸਟਰ, ਫੋਟੋਆਂ ਲਗਾ ਕੇ ਜਿਨ੍ਹਾਂ ਦੇ ਵਿਚ ਹਰ ਇਕ ਬੰਦੀ ਸਿੰਘ ਬਾਰੇ ਜਾਣਕਾਰੀ ਸੀ ਪ੍ਰਚਾਰ ਕੀਤਾ ਗਿਆ। ਨਾਲ ਹੀ ਵੈਲਫੇਅਰ ਕਾਉਂਸਿਲ ਦੇ ਮੈਂਬਰਾਂ ਵਲੋਂ ਇੰਗਲਿਸ਼ ਵਿਚ ਪੈਂਫਲੇਟ ਵੰਡੇ ਗਏ ਜਿਨ੍ਹਾਂ ਵਿਚ ਸਿੱਖ ਸਿਆਸੀ ਕੈਦੀਆਂ ਦੀ ਸਾਰੀ ਜਾਣਕਾਰੀ ਦੇ ਨਾਲ, ਭਾਰਤ ਸਰਕਾਰ ਵਲੋਂ ਗਿਰਫ਼ਤਾਰ ਕਰਨ ਦੀ ਤਰੀਕ, ਕਿਹੜੀਆਂ ਧਾਰਾਵਾਂ ਲਾਈਆਂ, ਕਿੰਨੇ ਸਾਲ ਦੀ ਜੇਲ ਹੁਣ ਤਕ ਕਟ ਚੁਕੇ ਹਨ, ਅਤੇ ਹਾਲੇ ਵੀ ਭਾਰਤੀ ਕ਼ਾਨੂਨ ਦੇ ਅਧੀਨ ਸਜਾ ਪੂਰੀ ਕਰਨ ਦੇ ਬਾਵਜੂਦ ਤੇ 26-27 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ।ਬੁਲਾਰਿਆਂ ਨੇ ਕਿਹਾ ਕਿ ਇਹ ਦੋਹਰਾ ਮਾਪਦੰਡ ਭਾਰਤੀ ਸਰਕਾਰ ਵਲੋਂ ਸਿਖਾਂ ਦੇ ਨਾਲ ਨਾਲ ਹੋਰ ਘੱਟ ਗਿਣਤੀਆਂ ਦੇ ਨਾਲ ਵੀ ਅਪਣਾਇਆ ਜਾਂਦਾ ਹੈ ਖਾਸ ਕਰਕੇ ਪੰਜਾਬ ਦੇ ਸਿੱਖ ਨੌਜਵਾਨ ਜਿਨ੍ਹਾਂ ਨੂੰ ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਛੱਡਿਆ ਨਹੀਂ ਜਾ ਰਿਹਾ। ਇਥੇ ਅੰਗਰੇਜ਼ੀ ਦੇ ਵਿਚ ਇਹ ਸਾਰੀ ਜਾਣਕਾਰੀ ਦੇ ਨਾਲ ਲਿਟ੍ਰੇਚਰ ਵੰਡਿਆ ਗਿਆ। ਵਿਸ਼ੇਸ਼ ਗੱਲ ਰਹੀ ਕੇ ਅੱਜ ਓਥੇ ਬ੍ਰਾਜ਼ੀਲ ਦੇ ਲੋਕ ਵੀ ਆਪਣੀ ਅਜਾਦੀ ਲਾਇ ਪ੍ਰਦਰਸ਼ਨ ਕਰ ਰਹੇ ਸਨ ਓਹਨਾ ਨੇ ਵੀ ਬੰਦੀ ਸਿਖਾਂ ਦੇ ਮਸਲੇ ਸਮਝਣ ਤੋਂ ਬਾਦ ਸਿਖਾਂ ਨਾਲ ਸ਼ਾਮਿਲ ਹੋਏ ਤੇ ਸ਼ੋਸ਼ਲ ਮੀਡੀਆ ਤੇ ਇਸ ਮਸਲੇ ਨੂੰ ਉਭਾਰਨ ਲਈ ਸਹਿਯੋਗ ਦਾ ਭਰੋਸਾ ਦਿੱਤਾ। ਟਾਇਮਜ ਸਕੁਏਅਰ ਵਿਚ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ ਹਿੰਮਤ ਸਿੰਘ, ਮੈਸਾਚਿਊਸਟਸ ਤੋਂ ਵਰਲਡ ਸਿੱਖ ਪਾਰਲੀਮੈਂਟ ਵੇਲਫ਼ੇਅਰ ਕਾਊਂਸਲ ਦੇ ਸ ਗੁਰਨਿੰਦਰ ਸਿੰਘ ਧਾਲੀਵਾਲ ਅਤੇ ਬੱਲਜੀਦੰਰ ਸਿੰਘ ਸਵੈਨਿਰਨਾ ਕਾਊਸਲ, ਵਰਲਡ ਸਿੱਖ ਪਾਰਲੀਮੈਂਟ ਦੇ ਸ ਹਰਿਮੰਦਰ ਸਿੰਘ , ਸ ਕੁਲਦੀਪ ਸਿੰਘ ਨਿਊਯਾਰਕ ਤੇ ਹੋਰ ਵੀ ਨੁਮਾਇੰਦਿਆਂ ਤੇ ਪੰਥਕ ਸਖਸ਼ੀਅਤਾਂ ਨੇ ਸਿੱਖ ਸਿਆਸੀ ਕੈਦੀਆਂ ਦੇ ਮੁੱਦੇ ਤੇ ਭਰਪੂਰ ਸਹਿਯੋਗ ਕੀਤਾ ਤੇ ਪ੍ਰਣ ਕੀਤਾ ਕਿ ਇਹ ਲੜਾਈ ਓਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਾਡਾ ਇਕ ਇੱਕ ਬੰਦੀ ਸਿੰਘ ਰਿਹਾਅ ਨਹੀਂ ਹੋ ਜਾਂਦੇ।

LANGLEY BANQUET HALL




SERVICE AVAILABLE IN SURREY, DELTA, LANGLEY & ALDERGROVE

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI
WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND
DESSERT 200$ month

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਬੇਅੰਤ ਸਿੰਘ ਦੇ ਬੁੱਤ ’ਤੇ ਖਾਲਿਸਤਾਨੀ ਨਾਅਰੇ ਲਿਖਣ ਵਾਲੇ ਗ੍ਰਿਫਤਾਰ




ਜਲੰਧਰ : ਜਲੰਧਰ ਦੇ ਬੀਐੱਮਸੀ ਚੌਕ ’ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਬੁੱਤ ’ਤੇ ਖਾਲਿਸਤਾਨੀ ਨਾਅਰੇ ਲਿਖਣ ਵਾਲੇ ਦੋ ਮੁਲਜ਼ਮਾਂ ਨੂੰ ਪੁਲਿਸ ਨੇ ਦਸ ਦਿਨਾਂ ਦੇ ਅੰਦਰ ਹੀ ਕਾਬੂ ਕਰ ਲਿਆ। ਜਦ ਕਿ ਤਿੰਨ ਅਜੇ ਫਰਾਰ ਚਲ ਰਹੇ ਹਨ। ਸ਼ਰਾਰਤੀ ਅਨਸਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਉਣ ਤੋਂ ਪਹਿਲਾਂ ਬੀਐੱਮਸੀ ਚੌਕ ’ਤੇ ਖਾਲਿਸਤਾਨੀ ਨਾਅਰੇ ਲਿਖੇ ਸੀ। ਫੜੇ ਗਏ ਦੋਵੇਂ ਮੁਲਜ਼ਮ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਫੜੇ ਗਏ ਮੁਲਜ਼ਮਾਂ ਦੇ ਬਾਰੇ ਵਿਚ ਹਾਲਾਂਕਿ ਪੁਲਿਸ ਨੇ ਕੋਈ ਖੁਲਾਸਾ ਨਹੀਂ ਕੀਤਾ । ਸੰਭਾਵਨਾ ਜਤਾਈ ਜਾ ਰਹੀ ਕਿ ਪੁਲਿਸ ਕਮਿਸ਼ਨਰ ਜਲੰਧਰ ਫੜੇ ਗਏ ਮੁਲਜ਼ਮਾਂ ਨੂੰ ਲੈਕੇ ਛੇਤੀ ਹੀ ਪ੍ਰੈਸ ਕਾਨਫਰੰਸ ਕਰ ਸਕਦੇ ਹਨ। ਲੇਕਿਨ ਪੁਲਿਸ ਤੋਂ ਪਤਾ ਚਲਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਰਮਨ ਸਿੰਘ ਗਿੱਲ ਅਤੇ ਸੈਮ ਮਸੀਹ ਦੇ ਰੂਪ ਵਿਚ ਹੋਈ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਵੇਂ ਮੁਲਜ਼ਮਾਂ ਦੇ ਨਾਲ ਤਿੰਨ ਹੋਰ ਵੀ ਸਨ। ਇਹ ਪੰਜ ਜਣੇ ਬੀਐੱਮਸੀ ਚੌਕ ’ਤੇ ਮੋਟਰ ਸਾਇਕਲ ’ਤੇ ਆਏ ਸੀ। ਇਨ੍ਹਾਂ ਸਾਰਿਆਂ ਨੂੰ ਸੋਸ਼ਲ ਮੀਡੀਆ ਦੇ ਜ਼ਰੀਏ ਵਿਦੇਸ਼ ਵਿਚ ਬੈਠੇ ਖਾਲਿਸਤਾਨੀ ਸਮਰਥਕਾਂ ਨੇ ਹਾਇਰ ਕੀਤਾ ਸੀ।






# ਪੰਜਾਬ ਭਵਨ ਦਾ ਚੌਥਾ ਕੌਮਾਂਤਰੀ ਸੰਮੇਲਨ ਪਹਿਲੀ ਅਤੇ 2 ਅਕਤੂਬਰ ਨੂੰ ਸਰੀ ਵਿਖੇ

## ਸੰਮੇਲਨ ’ਚ ਸੰਸਾਰ ਭਰ ਤੋਂ ਲੇਖਕ, ਪੱਤਰਕਾਰ, ਬੁੱਧੀਜੀਵੀ ਅਤੇ ਪੰਜਾਬੀ ਸ਼ਿਰਕਤ ਕਰਨਗੇ : ਸੁੱਖੀ ਬਾਠ




ਸਰੀ : ਪੰਜਾਬ ਭਵਨ ਸਰੀ (ਕੈਨੇਡਾ) ਦਾ ਚੌਥਾ ਸਾਲਾਨਾ ਸਮਾਗਮ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਮੁਦੱਈ ਅਤੇ ਪ੍ਰਸਿੱਧ ਚਿੰਤਕ ਸੁੱਖੀ ਬਾਠ ਦੀ ਅਗਵਾਈ ਵਿਚ ਪਹਿਲੀ ਅਤੇ ਦੋ ਅਕਤੂਬਰ 2022 ਨੂੰ ਸਰੀ ਪੰਜਾਬ ਭਵਨ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਪੂਰੀ ਦੁਨੀਆਂ ਤੋਂ ਪੰਜਾਬੀ ਪੁੱਜ ਰਹੇ ਹਨ। ਪੰਜਾਬ ਭਵਨ ਸਰੀ ਦੇ ਸੰਚਾਲਕ ਸੁੱਖੀ ਬਾਠ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮਾਗਮ ਵਿਚ ਸ. ਅਰਜਨ ਸਿੰਘ ਬਾਠ ਦੀ ਯਾਦ ਵਿਚ ਸਾਹਿਤਕ ਹਸਤੀਆਂ ਦਾ ਸਨਮਾਨ ਕੀਤਾ ਜਾਵੇਗਾ।

ਕੌਮਾਂਤਰੀ ਪੰਜਾਬੀ ਸਮਾਜ ਅਤੇ ਸਾਹਿਤ ਬਾਰੇ ਚਰਚਾ ਹੋਏਗੀ। ਡਾ. ਸਾਹਿਬ ਸਿੰਘ ਲੇਖਕ, ਨਿਰਦੇਸ਼ਕ, ਅਦਾਕਾਰ ਦਾ ਨਾਟਕ ‘‘ਸੰਮਾਂ ਵਾਲੀ ਡਾਂਗ’’ ਪੇਸ਼ ਕੀਤਾ ਜਾਏਗਾ। ਲੇਖਕਾਂ ਦੀਆਂ ਪੁਸਤਕਾਂ ਰਿਲੀਜ਼ ਕੀਤੀਆਂ ਜਾਣਗੀਆਂ ਅਤੇ ਦੋਵੇਂ ਦਿਨ ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ, ਪੰਜਾਬੀ ਕੌਮਾਂਤਰੀ ਭਾਈਚਾਰਾ ਸਬੰਧੀ ਵਿਚਾਰ-ਚਰਚਾ ਹੋਏਗੀ।

ਸੱਭਿਆਚਾਰਕ ਪ੍ਰੋਗਰਾਮ ਹੋਣਗੇ। ਸੁੱਖੀ ਬਾਠ ਨੇ ਦੱਸਿਆ ਕਿ ਪੰਜਾਬ ਭਵਨ ਸਰੀ, ਕੈਨੇਡਾ ਦਾ ਸਾਲਾਨਾ ਸਮਾਗਮ ਇਸ ਵਾਰ ਵਿਲੱਖਣ, ਵਿਸ਼ੇਸ਼ ਅਤੇ ਯਾਦਗਾਰੀ ਹੋਏਗਾ। ਰਾਜੀ ਮੁਸੱਵਰ ਦੀ ਕਲਾਕ੍ਰਿਤੀਆਂ ਦੀ ਨੁਮਾਇਸ਼ ਲੱਗੇਗੀ।

ਉਨ੍ਹਾਂ ਇਹ ਵੀ ਕਿਹਾ ਕਿ 6 ਕੁ ਵਰ੍ਹੇ ਪਹਿਲਾਂ ਪੰਜਾਬ ਭਵਨ ਸਰੀ ਕੈਨੇਡਾ ਨੇ ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਵਿਚ ਸਾਂਝ ਦਾ ਇੱਕ ਪੁਲ ਬਨਾਉਣਾ ਆਰੰਭ ਕੀਤਾ ਸੀ। ਉਹ ਪੁੱਲ ਹੁਣ ਬਣ ਚੁੱਕਾ ਹੈ ਅਤੇ ਸਮੁੱਚਾ ਪੰਜਾਬੀ ਭਾਈਚਾਰਾ ਇਸ ਵਿਚ ਯੋਗਦਾਨ ਪਾ ਰਿਹਾ ਹੈ।



# ਦਿਲਜੀਤ ਦੋਸਾਂਝ, ਐਮੀ ਵਿਰਕ ਸਣੇ ਇਨ੍ਹਾਂ ਸਿਤਾਰਿਆਂ ਨੇ ਕੀਤਾ ਕ੍ਰਿਕੇਟਰ ਅਰਸ਼ਦੀਪ ਸਿੰਘ ਦਾ ਸਮਰਥਨ

ਚੰਡੀਗੜ੍ਹ:-ਭਾਰਤੀ ਟੀਮ ਦੇ 23 ਸਾਲਾ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਇਸ ਸਮੇਂ ਏਸ਼ੀਆ ਕੱਪ 2022 ਲਈ ਸੰਯੁਕਤ ਅਰਬ ਅਮੀਰਾਤ ਵਿੱਚ ਹਨ। ਭਾਰਤੀ ਟੀਮ ਲਈ ਲੰਬੇ ਸਮੇਂ ਤੋਂ ਚੰਗਾ ਪ੍ਰਦਰਸ਼ਨ ਕਰ ਰਹੇ ਨੌਜਵਾਨ ਤੇਜ਼ ਗੇਂਦਬਾਜ਼ ਪਾਕਿਸਤਾਨ ਖਿਲਾਫ ਕੁਝ ਖਾਸ ਨਹੀਂ ਕਰ ਸਕਿਆ। ਇੰਨਾ ਹੀ ਨਹੀਂ ਉਹ ਮੈਦਾਨ 'ਚ ਫੀਲਡਿੰਗ ਦੌਰਾਨ ਵੀ ਕਾਫੀ ਢਿੱਲੇ ਨਜ਼ਰ ਆਏ।ਇਸ ਦੌਰਾਨ ਜਦੋਂ ਪਾਕਿ ਫਿਨਿਸ਼ਰ ਆਸਿਫ ਅਲੀ ਦਾ ਇਕ ਸਧਾਰਨ ਕੈਚ ਸੁੱਟਿਆ। ਅਰਸ਼ਦੀਪ ਨੇ ਜਦੋਂ ਅਲੀ ਦਾ ਕੈਚ ਛੱਡਿਆ ਤਾਂ ਉਹ ਖਾਤਾ ਵੀ ਨਹੀਂ ਖੋਲ੍ਹ ਸਕਿਆ। ਜਿਸ ਤੋਂ ਬਾਅਦ ਲੋਕਾਂ ਨੇ ਅਰਸ਼ਦੀਪ ਸਿੰਘ ਨੂੰ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ। ਪਰ ਅਰਸ਼ਦੀਪ ਦੇ ਸਮਰਥਨ ਵਿੱਚ ਨਾ ਸਿਰਫ ਬਾਲੀਵੁੱਡ ਬਲਕਿ ਪਾਲੀਵੁੱਡ ਇੰਡਸਟਰੀ ਦੇ ਸਿਤਾਰੇ ਵੀ ਉੱਤਰੇ ਹਨ। ਪੰਜਾਬੀ ਗਾਇਕ ਅਤੇ ਅਦਾਕਾਰ ਐਮੀ ਵਿਰਕ ਨੇ ਆਪਣੇ ਇੰਸਟਾਗ੍ਰਾਮ ਤੇ ਅਰਸ਼ਦੀਪ ਦੀ ਫ਼ੋਟੋ ਸ਼ੇਅਰ ਕਰ ਕੈਪਸ਼ਨ 'ਚ ਲਿਖਿਆ, "ਵੀ ਲਵ ਯੂ ਅਰਸ਼ਦੀਪ ਸਿੰਘ।"ਰਣਜੀਤ ਬਾਵਾ ਨੇ ਟਵਿੱਟਰ ਤੇ ਅਰਸ਼ਦੀਪ ਸਿੰਘ ਲਈ ਪੋਸਟ ਸ਼ੇਅਰ ਕਰ ਲਿਖਿਆ, "ਉਸ ਨੂੰ ਬੁਰਾ ਬੋਲਣਾ ਬੰਦ ਕਰੋ। ਉਸ ਨੇ ਬਹੁਤ ਵਧੀਆ ਖੇਡਿਆ। ਹਾਰ ਜਿੱਤ ਤਾਂ ਚੱਲਦੀ ਰਹਿੰਦੀ ਆ। ਸਟੇਅ ਸਟਰੌਂਗ ਸਰਦਾਰ ਸਾਬ। ਪੰਜਾਬ ਤੋਂ ਬਹੁਤ ਸਾਰਾ ਪਿਆਰ ਤੇ ਪੌਜ਼ਟਿਵਿਟੀ।"ਗਾਇਕ ਜੈਜ਼ੀ ਬੀ ਨੇ ਆਪਣੀ ਇੰਸਟਾਗ੍ਰਾਮ ਸਟੋਰੀ ਤੇ ਕੈਪਸ਼ਨ 'ਚ ਲਿਖਿਆ, "ਸਟੇਅ ਸਟਰੌਂਗ ਮਿਸਟਰ ਸਿੰਘ, ਬਿਕਾਜ਼ ਯੂ ਆਰ ਬੋਰਨ ਕਿੰਗ।"ਜਸਬੀਰ ਜੱਸੀ ਨੇ ਟਵਿੱਟਰ ਤੇ ਪੋਸਟ ਸ਼ੇਅਰ ਕਰ ਲਿਖਿਆ, "ਅਰਸ਼ਦੀਪ ਵੀਰੇ ਪਾਗਲ ਤੇ ਸਿਰਫਿਰੇ ਲੋਕਾਂ ਦੀ ਪਰਵਾਹ ਨਹੀਂ ਕਰਨੀ।"ਦਿਲਜੀਤ ਦੋਸਾਂਝ ਨੇ ਇੰਸਟਾਗ੍ਰਾਮ ਤੇ ਸਟੋਰੀ ਸ਼ੇਅਰ ਕਰ ਪੋਸਟ 'ਚ ਅਰਸ਼ਦੀਪ ਸਿੰਘ ਦੀ ਤਸਵੀਰ ਸ਼ੇਅਰ ਕੀਤੀ ਅਤੇ ਲਿਖਿਆ, "ਚੜ੍ਹਦੀ ਕਲਾ।




# ਇਹਤਿਆਤੀ ਨਜ਼ਰਬੰਦੀ

ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ (ਐੱਨ ਸੀ ਆਰ ਬੀ) ਵੱਲੋਂ ਜਾਰੀ ਤਾਜ਼ਾ ਰਿਪੋਰਟ ਮੁਤਾਬਕ 2021 ਵਿਚ ਇਹਤਿਆਤੀ ਨਜ਼ਰਬੰਦੀਆਂ ਪਿਛਲੇ ਸਾਲ ਨਾਲੋਂ 23.7 ਫੀਸਦੀ ਵਧ ਕੇ ਇਕ ਲੱਖ 10 ਹਜ਼ਾਰ ਤੋਂ ਟੱਪ ਗਈਆਂ। ਇਨ੍ਹਾਂ ਵਿੱਚੋਂ 483 ਨੂੰ ਕੌਮੀ ਸੁਰੱਖਿਆ ਐਕਟ ਵਰਗੇ ਕਠੋਰ ਕਾਨੂੰਨ ਤਹਿਤ ਨਜ਼ਰਬੰਦ ਕੀਤਾ ਗਿਆ, ਜਿਨ੍ਹਾਂ ਵਿੱਚੋਂ ਲੱਗਭੱਗ ਅੱਧੇ (241) 2021 ਦੇ ਅੰਤ ਤੱਕ ਜੇਲ੍ਹ ਵਿਚ ਹੀ ਸਨ। ਇਹਤਿਆਤਨ ਨਜ਼ਰਬੰਦਾਂ ਵਿੱਚੋਂ 48815 ਨੂੰ ਇਕ ਤੋਂ ਛੇ ਮਹੀਨੇ ਅੰਦਰ ਰੱਖ ਕੇ ਛੱਡਿਆ ਗਿਆ ਅਤੇ 18269 ਸਾਲ ਦੇ ਅਖੀਰ ਤੱਕ ਅੰਦਰ ਹੀ ਸਨ।

ਅੰਕੜੇ ਦੱਸਦੇ ਹਨ ਕਿ ਇਹਤਿਆਤੀ ਨਜ਼ਰਬੰਦੀਆਂ 2017 ਤੋਂ ਲਗਾਤਾਰ ਵਧ ਰਹੀਆਂ ਹਨ। 2018 ਵਿਚ ਇਹ 98700 ਤੋਂ ਵੱਧ ਸਨ ਤੇ 2019 ਵਿਚ ਇਕ ਲੱਖ 6 ਹਜ਼ਾਰ ਤੋਂ ਟੱਪ ਗਈਆਂ ਸਨ। 2020 ਵਿਚ ਘਟ ਕੇ 89405 ਹੋਈਆਂ, ਪਰ 2021 ਵਿਚ 110683 ਤੱਕ ਪੁੱਜ ਗਈਆਂ। ਇਨ੍ਹਾਂ ਵਿੱਚੋਂ ਹੋਰ ਤਾਂ ਇਕ ਤੋਂ ਛੇ ਮਹੀਨੇ ਅੰਦਰ ਰਹਿ ਕੇ ਛੁੱਟ ਗਏ, ਪਰ 24525 ਸਾਲ ਦੇ ਅਖੀਰ ਤੱਕ ਅੰਦਰ ਹੀ ਸਨ। ਐੱਨ ਸੀ ਆਰ ਬੀ ਨੇ ਕੌਮੀ ਸੁਰੱਖਿਆ ਐਕਟ ਤੋਂ ਇਲਾਵਾ ਗੁੰਡਾ ਐਕਟ (ਸੂਬਾਈ ਤੇ ਕੇਂਦਰੀ), ਨਸ਼ਾ ਵਿਰੋਧੀ ਕਾਨੂੰਨ ਤੇ ਹੋਰ ਕਾਨੂੰਨਾਂ ਤਹਿਤ ਇਹਤਿਆਤੀ ਨਜ਼ਰਬੰਦੀ ਦੇ ਅੰਕੜੇ ਜੁਟਾਏ ਹਨ।

ਇਹਤਿਆਤੀ ਨਜ਼ਰਬੰਦੀ ਦੇ ਮਾਮਲਿਆਂ ਦਾ ਵਿਆਪਕ ਅਧਿਅਨ ਕਰਨ ਵਾਲੇ ਵਕੀਲ ਸ਼ਵੇਤਾਂਕ ਸੈਲੈਕਵਾਲ ਮੁਤਾਬਕ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਤੇ ਮਹਾਰਾਸ਼ਟਰ ਕੰਟਰੋਲ ਆਫ ਆਰਗੇਨਾਈਜ਼ਡ ਕਰਾਈਮ ਐਕਟ ਤਹਿਤ ਵੀ ਇਹਤਿਆਤੀ ਨਜ਼ਰਬੰਦੀਆਂ ਕੀਤੀਆਂ ਜਾਂਦੀਆਂ ਹਨ। ਉਨ੍ਹਾ ਮੁਤਾਬਕ ਜ਼ਿਲ੍ਹਾ ਮੈਜਿਸਟ੍ਰੇਟ ਤੇ ਪੁਲਸ ਅਮਨ-ਕਾਨੂੰਨ ਕਾਇਮ ਰੱਖਣ ਲਈ ਇਹਤਿਆਤੀ ਨਜ਼ਰਬੰਦੀਆਂ ਦਾ ਅਕਸਰ ਸਹਾਰਾ ਲੈਂਦੇ ਹਨ, ਭਾਵੇਂ ਸਥਿਤੀ ਵਿਗੜਨ ਵਾਲੇ ਨੁਕਤੇ 'ਤੇ ਨਾ ਹੀ ਪੁੱਜੇ। ਜਿਹੜਾ ਬੰਦਾ ਇਕ ਵਾਰ ਨਜ਼ਰਬੰਦ ਹੋ ਜਾਂਦਾ ਹੈ, ਉਸ ਦੇ ਕੇਸ ਦਾ ਨਬੇੜਾ ਹੋਣ ਵਿਚ ਅਮੂਮਨ ਇਕ ਸਾਲ ਤੋਂ ਵੱਧ ਲੱਗ ਜਾਂਦਾ ਹੈ। ਨਿਰਦੋਸ਼ ਹੋਣ 'ਤੇ ਉਹ ਛੁੱਟ ਜਾਂਦਾ ਹੈ ਪਰ ਜ਼ਿੰਦਗੀ ਦਾ ਉਹ ਸਮਾਂ ਤਾਂ ਉਸ ਨੂੰ ਨਰਕ ਵਿਚ ਗੁਜ਼ਾਰਨਾ ਪੈਂਦਾ ਹੈ।

ਸੁਪਰੀਮ ਕੋਰਟ ਦੀ ਵੇਕੇਸ਼ਨ ਬੈਂਚ ਨੇ ਇਸ ਸਾਲ ਜੁਲਾਈ ਵਿਚ ਤਿਲੰਗਾਨਾ ਦੇ ਇਕ ਚੇਨ-ਸਨੈਚਰ ਦੀ ਨਜ਼ਰਬੰਦੀ ਦੇ ਹੁਕਮ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਰਾਜ ਨੂੰ ਕਿਸੇ ਨੂੰ ਨਜ਼ਰਬੰਦ ਕਰਨ ਦੀ ਤਾਕਤ ਅਸਾਧਾਰਨ ਮਾਮਲਿਆਂ 'ਤੇ ਵਰਤਣ ਲਈ ਹੀ ਮਿਲੀ ਹੈ। ਨਜ਼ਰਬੰਦੀ ਵਿਅਕਤੀ ਦੀ ਆਜ਼ਾਦੀ ਉੱਤੇ ਅਸਰ ਪਾਉਦੀ ਹੈ, ਇਸ ਕਰਕੇ ਇਸ ਤਾਕਤ ਦੀ ਵਰਤੋਂ ਬਹੁਤ ਸੋਚ-ਸਮਝ ਕੇ ਕੀਤੀ ਜਾਣੀ ਚਾਹੀਦੀ ਹੈ।

ਅਮਨ-ਕਾਨੂੰਨ ਦੀਆਂ ਆਮ ਹਾਲਤਾਂ ਵਿਚ ਇਨ੍ਹਾਂ ਤਾਕਤਾਂ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਐੱਨ ਸੀ ਆਰ ਬੀ ਦੇ ਅੰਕੜੇ ਦੱਸਦੇ ਹਨ ਕਿ ਇਹਤਿਆਤਨ ਨਜ਼ਰਬੰਦ ਕਰਨ ਦੇ ਕਾਨੂੰਨਾਂ ਦੀ ਅਧਿਕਾਰੀ ਕਿਵੇਂ ਦੁਰਵਰਤੋਂ ਕਰ ਰਹੇ ਹਨ। ਉਹ ਆਪਣਾ ਦਿਮਾਗ ਲਾਏ ਬਿਨਾਂ ਹਾਕਮਾਂ ਦੇ ਇਸ਼ਾਰਿਆਂ 'ਤੇ ਕਿਸੇ ਨੂੰ ਨਜ਼ਰਬੰਦ ਕਰਨ ਤੋਂ ਪਹਿਲਾਂ ਨਹੀਂ ਸੋਚਦੇ ਕਿ ਉਸ ਦੀ ਨਿੱਜੀ ਜ਼ਿੰਦਗੀ 'ਤੇ ਉਸ ਦੇ ਪਰਵਾਰ ਦੀ ਜ਼ਿੰਦਗੀ 'ਤੇ ਕਿੰਨਾ ਮਾੜਾ ਅਸਰ ਹੁੰਦਾ ਹੈ। ਇਹ ਵਰਤਾਰਾ ਭਾਜਪਾ ਦੇ ਕੇਂਦਰ ਤੇ ਕਈ ਰਾਜਾਂ ਵਿਚ ਸੱਤਾ 'ਚ ਆਉਣ ਤੋਂ ਬਾਅਦ ਆਮ ਹੋ ਗਿਆ ਹੈ।

# ਅਮਰੀਕੀ ਸੰਸਦ ਮੈਂਬਰਾਂ ਨੇ 'ਇੰਡੀਆ ਡੇਅ ਪਰੇਡ' ਵਿਚ ਬੁਲਡੋਜ਼ਰ ਚਲਾਉਣ ਦੀ ਕੀਤੀ ਨਿੰਦਾ

ਵਾਸ਼ਿੰਗਟਨ:ਅਮਰੀਕਾ ਦੇ ਦੋ ਚੋਟੀ ਦੇ ਸੰਸਦ ਮੈਂਬਰਾਂ ਨੇ ਨਿਊਜਰਸੀ ਦੇ ਐਡੀਸਨ ਵਿਚ ਪਿਛਲੇ ਮਹੀਨੇ 'ਇੰਡੀਆ ਡੇਅ ਪਰੇਡ' ਮੌਕੇ ਬੁਲਡੋਜ਼ਰ ਪ੍ਰਦਰਸ਼ਨ ਦੀ ਨਿੰਦਾ ਕੀਤੀ ਹੈ। ਸੈਨੇਟਰ ਬੌਬ ਮੇਨੇਡੇਜ ਅਤੇ ਕੋਰੀ ਬੁਕਰ ਨੇ ਇਸ ਹਫ਼ਤੇ ਭਾਰਤੀ-ਅਮਰੀਕੀ ਮੁਸਲਿਮ ਕੌਂਸਲ ਦੇ ਇਕ ਵਫ਼ਦ ਅਤੇ ਭਾਈਚਾਰੇ ਦੇ ਕਈ ਸਮੂਹਾਂ ਨਾਲ ਮੁਲਾਕਾਤ ਕੀਤੀ, ਜੋ ਐਡੀਸਨ ਸਿਟੀ ਵਿਚ ਪ੍ਰਸਿੱਧ ਇੰਡੀਆ ਡੇਅ ਪਰੇਡ ਵਿਚ ਬੁਲਡੋਜਰ ਚਲਾਉਣ ਦੇ ਵਿਰੁਧ ਸਨ ।ਮੁਸਲਿਮ ਸਮੂਹਾਂ ਨੇ ਦੋਸ਼ ਲਾਇਆ ਕਿ ਬੁਲਡੋਜ਼ਰ ਨਫ਼ਰਤ ਅਪਰਾਧ ਦਾ ਪ੍ਰਤੀਕ ਬਣ ਗਿਆ ਹੈ ਅਤੇ ਉਨ੍ਹਾਂ ਨੇ ਦਾਅਵਾ ਕੀਤਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਖ਼ਾਸ ਤੌਰ 'ਤੇ ਕੁੱਝ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਲਈ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕੀਤੀ। ਹਾਲਾਂਕਿ ਭਾਰਤ ਸਰਕਾਰ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ ।ਸੈਨੇਟਰ ਮੇਨੇਡੇਜ ਅਤੇ ਬੁਕਰ ਨੇ ਸ਼ੁਕਰਵਾਰ ਨੂੰ ਇਕ ਸਾਂਝੇ ਬਿਆਨ ਵਿਚ ਕਿਹਾ, ਠਇਸ ਹਫ਼ਤੇ ਅਸੀਂ ਨਿਊ ਜਰਸੀ ਵਿਚ ਦਖਣੀ ਏਸ਼ੀਆਈ ਭਾਈਚਾਰੇ ਦੇ ਨੇਤਾਵਾਂ ਅਤੇ ਮੈਂਬਰਾਂ ਨਾਲ ਮੁਲਾਕਾਤ ਕੀਤੀ, ਜੋ ਪਿਛਲੇ ਮਹੀਨੇ ਐਡੀਸਨ ਵਿਚ ਇੰਡੀਆ ਡੇਅ ਪਰੇਡ ਵਿਚ ਬੁਲਡੋਜਰ ਦੇ ਪ੍ਰਦਰਸ਼ਨ ਤੋਂ ਬਹੁਤ ਪਰੇਸ਼ਾਨ ਅਤੇ ਨਾਰਾਜ਼ ਸਨ ।'' ਉਨ੍ਹਾਂ ਕਿਹਾ, ਠਬੁਲਡੋਜ਼ਰ ਭਾਰਤ ਵਿਚ ਮੁਸਲਮਾਨਾਂ ਅਤੇ ਹੋਰ ਧਾਰਮਕ ਘੱਟ ਗਿਣਤੀਆਂ ਨੂੰ ਡਰਾਉਣ ਦਾ ਪ੍ਰਤੀਕ ਬਣ ਗਿਆ ਹੈ ਅਤੇ ਇਸ ਨੂੰ ਸਮਾਰੋਹ ਵਿਚ ਸ਼ਾਮਲ ਕਰਨਾ ਗ਼ਲਤ ਸੀ ।''ਜ਼ਿਕਰਯੋਗ ਹੈ ਕਿ 14 ਅਗਸਤ ਨੂੰ ਓਕ ਟ੍ਰੀ ਰੋਡ 'ਤੇ ਇੰਡੀਆ ਡੇ ਪਰੇਡ ਦੌਰਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੀਆਂ ਤਸਵੀਰਾਂ ਵਾਲਾ ਬੁਲਡੋਜ਼ਰ ਪ੍ਰਦਰਸ਼ਿਤ ਕੀਤਾ ਗਿਆ ਸੀ।ਐਡੀਸਨ ਦੇ ਮੇਅਰ ਸੈਮ ਜੋਸੀ ਨੇ ਇਸ ਦੀ ਨਿੰਦਾ ਕੀਤੀ ਹੈ।

TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

8 ਸਤੰਬਰ, ਦਿਨ ਵੀਰਵਾਰ..........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
9 ਸਤੰਬਰ, ਦਿਨ ਸ਼ੁੱਕਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
9 ਸਤੰਬਰ, ਦਿਨ ਸ਼ੁੱਕਰਵਾਰ.........ਬਾਅਦ ਦੁਪਹਿਰ 3:00 ਵਜੇ ਅਨੰਦ ਕਾਰਜ ਹੋਵੇਗਾ।
10 ਸਤੰਬਰ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
11 ਸਤੰਬਰ, ਦਿਨ ਐਤਵਾਰ.........ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
11 ਸਤੰਬਰ, ਦਿਨ ਐਤਵਾਰ.........ਨੰਬਰ 2 ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
11 ਸਤੰਬਰ, ਦਿਨ ਐਤਵਾਰ.........ਬਾਅਦ ਦੁਪਹਿਰ 2:30 ਵਜੇ ਸਵਰਗਵਾਸੀ ਭਾਈ ਹਰੀਪਾਲ ਸਿੰਘ ਰੰਧਾਵਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
15 ਸਤੰਵਰ, ਦਿਨ ਵੀਰਵਾਰ.......ਸੰਗਰਾਂਦ ਦਾ ਦਿਹਾੜਾ ਹੈ।
16 ਸਤੰਬਰ, ਦਿਨ ਸ਼ੁੱਕਵਾਰ.........ਸਵੇਰੇ 9:30 ਵਜੇ ਸ਼ਰਧਾਲੂ ਪਰਿਵਾਰਾਂ ਵਲੋਂ ਬਾਬਾ ਮਤੀ ਜੀ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ, ਜਿਹਨਾਂ ਦੇ ਭੋਗ 18 ਸਤੰਬਰ, ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ, ਉਪਰੰਤ ਦੀਵਾਨ ਸਜਣਗੇ।
16 ਸਤੰਬਰ, ਦਿਨ ਸ਼ੁੱਕਰਵਾਰ......ਸਵੇਰੇ ਨੂੰ ਦੋ ਅਨੰਦ ਕਾਰਜ ਹੋਣਗੇ।
17 ਸਤੰਬਰ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
18 ਸਤੰਬਰ, ਦਿਨ ਐਤਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਮਹਿੰਦਰ ਸਿੰਘ ਸੱਲ ਤੇ ਪਰਿਵਾਰ ਵਲੋਂ ਹੋਵੇਗੀ।

ਸ਼ਹੀਦ ਬਾਬਾ ਮਤੀ ਜੀ ਪਿੰਡ ਡਰੋਲੀ ਕਲਾਂ
ਜ਼ਿਲ੍ਹਾ ਜਲੰਧਰ ਵਾਲਿਆਂ ਦੀ ਯਾਦ ਵਿਚ
ਸ੍ਰੀ ਅਖੰਡ ਪਾਠ ਸਾਹਿਬ

ਗੁਰੂ ਪਿਆਰੀ ਸਾਧ ਸੰਗਤ ਜੀ,
ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੀ.ਸੀ. ਵਿਚ ਰਹਿੰਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਮਤੀ ਜੀ ਦੀ ਯਾਦ ਵਿਚ ਗੁਰੂਘਰ ਅਕਾਲੀ ਸਿੱਖ ਸੁਸਾਇਟੀ 1890 ਸਕੀਨਾ ਸਟਰੀਟ ਵੈਨਕੂਵਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਜਾ ਰਹੇ ਹਨ। ਬਾਬਾ ਮਤੀ ਜੀ ਦੇ ਸਾਰੇ ਸ਼ਰਧਾਲੂਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੇ ਦਿਨ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ, ਗੁਰੂ ਸੇਵਾ ਵਿਚ ਹੱਥ ਵਟਾਓ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ 16 ਸਤੰਬਰ 2022, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 18 ਸਤੰਬਰ 2022, ਦਿਨ ਐਤਵਾਰ ਸਵੇਰੇ 9:00 ਵਜੇ
ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਗੁਰਬਾਣੀ ਕੀਰਤਨ ਅਤੇ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ ਜੀ।
ਸੰਗਤਾਂ ਦੇ ਦਾਸ: ਬਾਬਾ ਮਤੀ ਜੀ ਦੀ ਸਾਧ ਸੰਗਤ

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੈਂਸ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਭਾਰਤ-ਪਾਕਿ ਮੈਚ

ਮੈਂ ਭਾਰਤ ਪਾਕਿਸਤਾਨ
ਮੈਚ ਨਹੀ ਵੇਖਦਾ
ਕਿਓਂਕਿ ਇਹ ਮੈਚ
ਖੇਡ ਨਹੀ ਜੰਗ ਹੁੰਦਾ ਹੈ
ਜੰਗ ਵੇਖਣਯੋਗ ਨਹੀਂ ਹੁੰਦੀ
ਤੇ ਮੈਂ ਜੰਗ ਨੂੰ ਨਫਰਤ ਕਰਦਾ ਹਾਂ

ਇਹ ਮੈਚ ਖੇਡ ਦੇ ਮੈਦਾਨ 'ਚ ਨਹੀ
ਜੰਗ ਦੇ ਮੈਦਾਨ 'ਚ ਖੇਡਿਆ ਜਾਂਦਾ ਹੈ
ਖੇਡਿਆ ਵੀ ਕੀ
ਬੇ ਕਾਇਦਾ ਲੜਿਆ ਜਾਂਦਾ ਹੈ

ਇਹ ਮੈਚ
ਭਾਰਤ ਪਾਕਿਸਤਾਨ ਟੀਮਾਂ ਨਹੀ
ਫੌਜਾਂ ਖੇਡਦੀਆਂ ਨੇ
ਖੇਡ ਵਿੱਚ ਗੇਂਦ ਨਹੀਂ
ਸੁੱਟੀ ਜਾਂਦੀ
ਤੋਪ ਦੇ ਗੋਲੇ ਦਾਗੇ ਜਾਦੇ ਨੇ।
ਕਦੇ ਲਾਹੌਰ
ਤੇ ਕਦੇ ਕਰਾਚੀ ਕਦੇ ਪਿਸ਼ੌਰ 'ਤੇ
ਕਦੇ ਅੰਬਰਸਰ
ਕਦੇ ਅੰਬਾਲੇ ਕਦੇ ਫਿਲੌਰ 'ਤੇ

ਇਹ ਮੈਚ
ਖੇਡ ਦੀਆਂ ਟੀਮਾਂ ਨਹੀਂ
ਫੌਜਾਂ ਖੇਡਦੀਆਂ ਨੇ
ਤੇ ਖੇਡ ਦਾ ਟਾਸ ਕਰਨ ਤੌਂ ਪਹਿਲਾਂ
ਸਮੇ ਦੀਆਂ ਸੂਈਆਂ ਨੂੰ
ਪੁੱਠਾ ਗੇੜਾ ਦੇ ਕੇ
ਕਦੇ ਸੰਤਾਲੀ
ਕਦੇ ਪੈਂਹਠ ਤੇ ਕਦੇ
ਕਹੱਤਰ ਦੇ ਹੱਲਿਆਂ ਹਮਲਿਆਂ
ਕਾਲੇ ਘੱਲੂਘਾਰਿਆਂ ਦੇ
ਸਮੇ ਤੇ ਲਿਜਾਇਆ ਜਾਂਦਾ ਹੈ
ਮੈਂ ਤਾਂ ਇਨ੍ਹਾਂ
ਹੱਲਿਆਂ ਹਮਲਿਆਂ ਦੇ ,
ਕਾਲੇ ਘੱਲੂਘਾਰਿਆਂ ਦੇ ਕਾਰਨਾਮੇ
ਸੁਪਨੇ 'ਚ ਵੀ ਵੇਖ ਕੇ
ਤ੍ਰਭਕ ਕੇ
ਉੱਠ ਬਹਿੰਦਾ ਹਾਂ
ਫਿਰ ਇਹ ਮੈਚ
ਮੈਂ ਕਿਵੇਂ ਵੇਖ ਸਕਦਾ ਹਾਂ

ਇਹ ਮੈਚ ਦੋ ਟੀਮਾਂ ਨਹੀਂ
ਫੌਜਾਂ ਖੇਡਦੀਆਂ ਨੇ
ਦੋਹਾਂ ਦੇਸਾਂ ਦੇ ਲੋਕਾਂ ਨੂੰ
ਇਸ ਜੰਗੀ ਖੇਡ ਲਈ
ਅੰਧਰਾਸ਼ਟਰਵਾਦੀ ਨਿੱਕਰਾਂ ,ਬੋਦੀਆਂ ,
ਧੋਤੀਆਂ, ਟੋਪੀਆਂ ਤੇ
ਮੀਡੀਏ ਦੇ
ਹਵਾਂਕਦੇ ਗਿੱਦੜਾਂ ਵੱਲੋਂ
ਉਕਸਾਇਆ ਜਾਂਦਾ ਹੈ

ਬੜਾ ਅਲੋਕਾਰ ਮੈਚ ਹੁੰਦਾ ਹੈ
ਜਿਥੇ ਸਹਿਣਸ਼ੀਲਤਾ ਸਾਂਝ
ਸ਼ਾਂਤੀ ਦੀ ਬਜਾਏ
ਵੈਰ ਵਿਰੋਧ ਦੀ ਧਾਂਕ ਹੁੰਦੀ ਹੈ
ਜਿਥੇ ਅਮਨ ਦਾ ਪਰਚਮ
ਬੁਲੰਦ ਹੋਣ ਦੀ ਥਾਂ
ਨਫਰਤ ਦੀਆਂ
ਤਾੜੀਆਂ ਵਜਦੀਆਂ ਹਨ
ਇਹ ਮੈਚ ਸਰਹਦਾਂ ਵਿਚਲੀ
ਨੋ ਮੈਨਜ਼ ਲੈਂਡ ਤੇ ਖੇਡਿਆ ਜਾਂਦਾ ਹੈ
ਤੇ ਹਰ ਵਾਰ
ਲੋਕਾਂ ਦੇ ਮਨਾਂ ਵਿੱਚ
ਇੱਕ ਹੋਰ ਵਾਹਘਾ ਬਣਾ ਧਰਦਾ ਹੈ
ਇਸੇ ਲਈ
ਮੈਂ ਇਹ ਮੈਚ ਨਹੀਂ ਵੇਖਦਾ
ਇਹ ਮੈਚ ਖੇਡ ਨਹੀਂ
ਜੰਗ ਹੁੰਦੀ ਹੈ
ਤੇ ਜੰਗ ਵੇਖਣਯੋਗ ਨਹੀਂ ਹੁੰਦੀ
ਮੈਂ ਜੰਗ ਨੂੰ
ਨਫਰਤ ਕਰਦਾ ਹਾਂ।

**ਹਰਵਿੰਦਰ ਸਿੰਘ ਚੰਡੀਗੜ੍ਹ**

## ਚੱਕ ਲਾ ਕਲਾਵੇ ਭਰਕੇ

**ਧਾਮੀ ਚੱਕ ਲਾ ਕਲਾਵੇ ਭਰਕੇ**
ਡਰਾਈਵਾਲ ਵਾਜਾਂ ਮਾਰਦੀ
ਅੰਕਲ ਗੱਲ ਸੁਣੀਂ ਇੱਕ ਨਿੱਕੀ,
ਲਿਆਦੇ ਸਾਨੂੰ ਟੇਪ ਸਟਿੱਕੀ,
ਸਨੀ ਤੇ ਸੋਨੂੰ ਦੀ ਜੋੜੀ ਪਈ ਪੁਕਾਰਦੀ ,
ਧਾਮੀ ਚੱਕ ਲਾ...
ਧਾਮੀ ਐਧਰ ਨੂੰ ਵੀ ਹੋ ਲਾ
ਸ਼ੀਟਾਂ 5/8 ਦੀਆਂ ਸੋਲਾਂ
ਅਵਾਜ਼ ਸੰਧੂ ਸਰਦਾਰ ਦੀ
ਧਾਮੀ ਚੁੱਕ ਲਾ ....
ਧਾਮੀ ਇਹ ਤੂੰ ਕੀਤਾ ਕੀ,
ਸ਼ੀਟਾਂ ਹਾਫ ਇੰਚ ਦੀਆਂ ਵੀਹ,
ਵਾਜ ਮੱਲ੍ਹੀ ਜਿਹੇ ਬਰਖੁਰਦਾਰ ਦੀ
ਧਾਮੀ ਚੁੱਕ ਲਾ...
ਬੱਘੀਆਂ ਟੈਲੇਸ ਤੇ ਟੁੱਟ ਜਾਣ,
ਜਿਹੜੀਆਂ ਕੰਮ ਨਾ ਕਿਤੇ ਆਣ,
ਕਿੰਗ ਜਾਰਜ਼ ਤੇ ਪਹੁੰਚਾਵੇ ਜੋੜੀ ਲੰਬਰਦਾਰ ਦੀ ,
ਧਾਮੀ ਚੁੱਕ ਲਾ.....
ਮਿੰਨਤਾ ਫੋਰ ਮੈਂਨ ਦੀਆਂ ਪਾਵਾਂ
ਥੱਲੇ ਫਲੈਸਟਾਪ ਲਗਵਾਵਾਂ
ਗੱਲ ਮੰਨ ਨੇ ਅਵਤਾਰ ਦੀ
ਧਾਮੀ ਚੁੱਕ ਲਾ .......
ਕਿਥੇ ਹਾਰਡ ਹੈਟ ਤੁਹਾਡੀ ਵੈਸਟ,
ਸੱਦਕੇ ਪੁਲੀਸ ਕਰਾਵਾਂ ਅਰੈਸਿਟ
ਜੇਮਸ ਪਈ ਲਲਕਾਰ ਦੀ
ਧਾਮੀ ਚੁੱਕ ਲਾ .....
ਫੋਰ ਮੈਨ ਸਾਰੇ ਹੀ ਨੇ ਚੰਗੇ,
ਸਾਰੇ ਇੱਕੋ ਰੱਬ ਦੇ ਬੰਦੇ,
ਰਿੱਕ ਅਤੇ ਲੌਰੈਂਟ ਦੀ ਜੋੜੀ,
ਲੇਬਰ ਸਤਿਕਾਰ ਦੀ ,
ਧਾਮੀ ਚੁੱਕ ਲਾ....
ਟੇਪਰ ਵੀਰ ਜਦੋਂ ਨੇ ਆਉਂਦੇ ,
ਕਾਵਾਂ ਰੌਲੀ ਐਂਵੇ ਪਾਉਂਦੇ,
ਵੋਟਾਂ ਮੰਗਦੀ ਟੋਲੀ ,ਜਿਵੇਂ ਟਰੂਡੋ ਸਰਕਾਰ ਦੀ,
ਧਾਮੀ ਚੁੱਕ ਲਾ...
ਸਕਰੈਪਰ ਜਦੋਂ ਚਲਾਈਏ
ਮੱਡ ਖਰਚਕੇ ਫਰਸ਼ ਤੋਂ ਲਾਹੀਏ,
ਬਾਂਹ ਦੁਖਣ ਲੱਗ ਜਾਂਦੀ, ਭੁਪਿੰਦਰ ਸਰਦਾਰ ਦੀ
ਧਾਮੀ ਚੁੱਕ ਲਾ...
ਮੁੱਕ ਜੇ ਕੰਮ ਫਿਰ
ਸ਼ੁਕਰ ਮਨਾਈਏ ,
ਕੱਪੜੇ ਝਾੜ ਘਰਾਂ ਨੂੰ
ਆਈਏ,
ਰਿੱਕ ਅਤੇ ਰਾਇਨ ਦੀ
ਜੋੜੀ
ਸਾਨੂੰ ਸਲੂਟ ਮਾਰਦੀ
ਧਾਮੀ ਚੁੱਕ ਲਾ...



**-ਗਿ.ਰਣਜੀਤ ਸਿੰਘ ਧਾਮੀ- 604-834-8023**


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ
ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।
ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।
WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE

ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ
2 Locations to Serve you
#4-12818-72 Ave., Surrey, BC
604-591-7611
#8A-31205 Old Yale Rd., Abbotsford, BC
604-504-1761



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ

ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਐਬਟਸਫੋਰਡ ਵਿਖੇ ਸਜਾਏ ਗਏ ਨਗਰ ਕੀਰਤਨ ਵਿਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ




ਐਬਟਸਫੋਰਡ:ਇਸ ਸਾਲ 4 ਤਸੰਬਰ ਨੂੰ ਐਬਟਸਫੋਰਡ (ਬੀ.ਸੀ)ਦੇ ਨਗਰ ਕੀਰਤਨ ਵਿੱਚ ਰਿਕਾਰਡ ਤੋੜ ਇਕੱਠ ਹੋਇਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪੰਜਵੇਂ ਵੱਡੇ ਸ਼ਹਿਰ ਐਬਟਸਫੋਰਡ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ 418ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ. ਭਾਈ ਸਤਨਾਮ ਸਿੰਘ ਜਵੱਦੀ ਤੇ ਭਾਈ ਰਸ਼ਵਿੰਦਰ ਸਿੰਘ ਨੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਰਹਿਨੁਮਾਈ ਹੇਠ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਜੈਕਾਰਿਆਂ ਦੀ ਗੂੰਜ ਨਾਲ ਸਵੇਰੇ 11 ਵਜੇ ਆਰੰਭ ਹੋਇਆ। ਪਾਲਕੀ ਸਾਹਿਬ ਦੇ ਫਲੋਟ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਰਾਗੀ ਜਥੇ ਗੁਰਬਾਣੀ ਦਾ ਗਾਇਨ ਕਰ ਰਹੇ ਸਨ ਅਤੇ ਕੈਨੇਡਾ ਫੇਰੀ 'ਤੇ ਆਏ ਸੰਤ ਬਾਬਾ ਦਲੇਰ ਸਿੰਘ ਖੇੜੀ ਵਾਲੇ ਚੌਰ ਸਾਹਿਬ ਦੀ ਸੇਵਾ ਨਿਭਾਅ ਰਹੇ ਸਨ। ਨਗਰ ਕੀਰਤਨ ਮੌਕੇ ਹਜ਼ਾਰਾਂ ਸੰਗਤਾਂ ਦਾ ਇਕੱਠ ਸੀ। ਕੈਨੇਡੀਅਨ ਜੰਮਪਲ ਬੱਚਿਆਂ ਦੇ ਗਤਕੇ ਦੇ ਜੌਹਰ ਵੇਖਣਯੋਗ ਸਨ। ਪ੍ਰਸਿੱਧ ਢਾਡੀ ਮਨਦੀਪ ਸਿੰਘ ਪੋਹੀੜ ਤੇ ਸੁਖਨਰਿੰਜਣ ਸਿੰਘ ਸੁੰਮਨ ਦੇ ਢਾਡੀ ਜਥੇ ਨੇ ਠੰਢੇ ਮੌਸਮ 'ਚ ਜੋਸ਼ੀਲੀਆਂ ਬੀਰਰਸ ਇਤਿਹਾਸਕ ਢਾਡੀ ਵਾਰਾਂ ਸੁਣਾ ਕੇ ਮਾਹੌਲ ਗਰਮਾ ਦਿੱਤਾ।


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# Dev Bros

**Custom Tailoring**

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ 'ਚ

**We Specialize In**

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ

**Phone:604-880-8434**

**Shifted to New Location**

*#117, 1779 Clearbook Road, Abbotsford*





# PEACE FURNITURE

**For The Peace Of Your Mind**









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

**Business Hours:**
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca